ਜੀਵਨੀ

ਸ਼ਹੀਦ ਬਾਬਾ ਜਵਾਲਾ ਸਿੰਘ ਜੀ

ਲੇਖਕ: ਡਾ. ਭਾਗ ਸਿੰਘ

ਜੀਵਨੀ ਸ਼ਹੀਦ ਬਾਬਾ ਜਵਾਲਾ ਸਿੰਘ ਜੀ

ਡਾ. ਭਾਗ ਸਿੰਘ

ਦੂਜੀ ਵਾਰ	:	ਨਵੰਬਰ , 2006
ਲੇਜ਼ਰ ਵਰਕ	:	ਕੇਸਰ ਸਿੰਘ, ਵੈਕ ਕੰਪਿਊਟਰਜ਼, 1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ। ਫੋਨ : 98140-87063
ਪ੍ਰਿੰਟਰਜ਼	:	ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ
ਪ੍ਰਕਾਸ਼ਕ	:	ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਫੋਨ ਅਤੇ ਫੈਕਸ : 0181-458224
ਸਹਾਇਤਾ ਰਾਸ਼ੀ	:	10 ਰੁਪਏ

ਚਾਨਣ-ਚਾਨਣ ਜ਼ਿੰਦਗੀ

ਬਾਬਾ ਜੀ ਦੀ ਇਹ ਜੀਵਨੀ ਸੰਪੂਰਣ ਬ੍ਰਿਤਾਂਤ ਨਹੀਂ, ਇਕ ਲਿਸ਼ਕਾਰਾ ਹੈ, ਜੋ ਇਕਦਮ ਚਾਨਣ-ਚਾਨਣ ਕਰ ਦਿੰਦਾ ਹੈ।

ਨਿਰਸੰਦੇਹ ਇਹ ਥਾਂ-ਥਾਂ ਖਿਲਰੇ ਪਏ ਵੇਰਵਿਆਂ 'ਤੇ ਆਧਾਰਤ ਕੋਈ ਕ੍ਰਿਤ ਨਹੀਂ, ਇਹ ਤਾਂ ਬਾਬਾ ਜੀ ਦੇ ਇਸ ਜਹਾਨੋਂ ਤੁਰ ਜਾਣ ਵੇਲੇ ਉਹਨਾਂ ਦੇ ਸੰਗਰਾਮ-ਸਾਥੀਆਂ ਦੇ ਮਨਾਂ ਦੀ ਸਕਰੀਨ ਉੱਤੇ ਉੱਭਰ ਆਈਆਂ ਯਾਦਾਂ ਦਾ ਚਿਤਰਣ ਹੈ। ਡਾਕਟਰ ਭਾਗ ਸਿੰਘ ਨੇ ਇਹਨਾਂ ਨੂੰ ਸੰਜੋਇਆ ਅਤੇ ਜੋ ਵੀ ਤਸਵੀਰ ਨਿਖਰੀ, ਉਸਨੂੰ ਸਾਡੇ ਸਾਹਮਣੇ ਰੱਖ ਦਿੱਤਾ। ਸੋ, ਇਹ ਤਾਂ ਦਿਲ-ਦਿਮਾਗ ਦੀਆਂ ਬਾਤਾਂ ਨੇ, ਲਹੂ ਦੀ ਕਸ਼ੀਦ, ਜ਼ਿੰਦਗੀ ਦਾ ਇੱਤਰ, ਜਿਸ ਵਿਚ ਡਾਕਟਰ ਸਾਹਿਬ ਦੀ ਰਚਨਾਤਮਕਤਾ ਦੀ ਮਹਿਕ ਵੀ ਸ਼ਾਮਲ ਹੈ।

ਜ਼ਿੰਦਗੀ ਦਾ ਸੂਰਮਾ ਦੇਸੋਂ ਪਰਦੇਸ ਗਿਆ। ਇਕ 'ਬਾਦਸ਼ਾਹਤ' ਕਾਇਮ ਕੀਤੀ। ਫਿਰ ਇਸ ਬਾਦਸ਼ਾਹਤ ਨੂੰ ਲੁਟਾ ਦਿੱਤਾ, ਲੁਟਾ ਹੀ ਨਹੀਂ ਦਿੱਤਾ, ਕੁਰਬਾਨ ਕਰ ਦਿੱਤਾ। ਲੁਟਾਂਦੇ ਤਾਂ ਉਹ ਹਨ ਜੋ ਜ਼ਿੰਦਗੀ ਤੋਂ ਉਪਰਾਮ ਹੋ ਕੇ ਭੱਜ ਜਾਂਦੇ ਹਨ, ਮੁਸ਼ਕਲਾਂ ਦੇ ਰੂਬਰੂ ਹੋਣ ਦੀ ਥਾਂ ਤੀਰਥਾਂ 'ਤੇ ਜਾ ਡੇਰੇ ਮੱਲਦੇ ਹਨ, ਪਰਬਤਾਂ ਵਿਚ ਲੁਕ ਜਾਂਦੇ ਹਨ, ਜੰਗਲਾਂ ਵਿਚ ਸਮਾਧੀ ਲਾ ਬੈਠਦੇ ਹਨ, ਜ਼ਿੰਦਗੀ ਦੇ ਤਪ ਤੋਂ ਦੌੜ ਕੇ ਤਪੀਸ਼ਵਰ ਬਣਨ ਦੀ ਲੋਚਾ ਪਾਲ ਲੈਂਦੇ ਹਨ। ਇਸ ਨੇ ਤਾਂ ਆਪਣੀ ਬਾਦਸ਼ਾਹਤ ਆਜ਼ਾਦੀ ਸੰਗਰਾਮ ਦੀ ਸਿਰਜਣਾ ਤੇ ਉਸ ਨੂੰ ਪਰਚੰਡ ਕਰਨ ਦੇ ਲੇਖੇ ਲਾ ਦਿੱਤੀ। ਗ਼ਦਰ ਪਾਰਟੀ ਦੀ ਸਿਰਜਣਾ, ਉਹਦੇ ਵਿਕਾਸ ਅਤੇ ਉਹਦੇ ਯੁੱਧ ਵਿਚ ਬਾਬਾ ਜੀ ਦੇ ਤੇਜ ਪ੍ਰਤਾਪ ਸਾਹਮਣੇ ਕਿਹੜਾ ਹਨੇਰਾ ਖਲੋ ਸਕਦਾ ਸੀ ? ਕਿਸਾਨੀ ਦੇ ਸੰਘਰਸ਼ ਅਤੇ ਉਸ ਦੀ ਪਰਚੰਡਤਾ ਵਿਚ ਉਹਨਾ ਦੀ ਭੂਮਿਕਾ ਇਕ ਰੋਸ਼ਨ-ਮੁਨਾਰੇ ਦੀ ਹੈਸੀਅਤ ਰੱਖਦੀ ਹੈ।

ਆਲੂਆਂ ਦੇ ਖੇਤਾਂ ਵਿਚ ਆਜ਼ਾਦੀ ਦੇ ਬੀਜ ਕਿਵੇਂ ਫੁੱਟੇ, ਬਾਬਾ

ਜਵਾਲਾ ਸਿੰਘ ਨੂੰ ਆਜ਼ਾਦੀ ਦਾ ਰੰਗ ਕਿਵੇਂ ਚੜ੍ਹਿਆ ? ਬਾਬਾ ਜਵਾਲਾ ਸਿੰਘ ਇਸ ਅਵਸਥਾ ਤੱਕ ਕਿਵੇਂ ਪੁੱਜੇ ਕਿ ਜਦੋਂ ਉਹ ਗੁਲਾਮੀ ਬਾਰੇ ਗੱਲਾਂ ਕਰਦੇ ਤਾਂ ਪਹਿਲਾਂ ਉਹਨਾਂ ਦੀਆਂ ਅੱਖਾਂ ਚਮਕ ਉਠਦੀਆਂ ਤੇ ਫਿਰ ਉਹਨਾਂ ਦੇ ਦਿਲ ਦਾ ਦਰਦ ਹੰਝੂ ਬਣ ਕੇ ਵਹਿ ਤੁਰਦਾ ਅਤੇ ਆਖ਼ਰ ਉਹ ਆਜ਼ਾਦੀ ਦੇ ਦੀਵਾਨੇ ਬਣ ਗਏ।

ਪਰ ਕਾਰੋਬਾਰ ਵਿਚ ਉਹਨਾਂ ਦੇ ਸਾਥੀ ਬਾਬਾ ਵਿਸਾਖਾ ਸਿੰਘ ਤਾਂ ਮੁੱਢ ਤੋਂ ਹੀ ਈਸ਼ਵਰ ਭਗਤ, ਖੁਦਾ ਤਰਸ ਅਤੇ ਦਿਨ ਦਾ ਪਹਿਲਾ ਹਿੱਸਾ ਪਰਮੇਸ਼ਵਰ ਭਗਤੀ ਵਿਚ ਗੁਜ਼ਾਰਨ ਵਾਲੇ ਅਤੇ ਬਾਕੀ ਹਿੱਸਾ ਕਾਰੋਬਾਰ ਵਿਚ ਮਗਨ ਰਹਿਣ ਵਾਲੇ ਵਿਅਕਤੀ ਸਨ। ਉਹਨਾ ਅੰਦਰ ਇਹੋ ਚੰਗਿਆੜੀ ਕਿਵੇਂ ਭਖ਼ ਉੱਠੀ ? ਅਤੇ ਉਹ ਕਿਹੜੀਆਂ ਗੱਲਾਂ ਸਨ ਜਿਹਨਾਂ ਨੇ ਬਾਬਾ ਵਿਸਾਖਾ ਸਿੰਘ 'ਤੇ ਏਨਾ ਅਸਰ ਕੀਤਾ ਕਿ ਉਹ ਕਹਿ ਉੱਠੇ, "ਜੋ ਹੁਕਮ ਗੁਰੂ ਸਾਹਿਬ ਦਾ ਹੋਵੇਗਾ, ਉਸ ਉਪਰ ਸੱਚੇ ਦਿਲ ਨਾਲ ਅਮਲ ਕਰਾਂਗੇ।"

ਵਾਰਤਾ ਬੜੀ ਰੌਚਕ ਵੀ ਹੈ ਅਤੇ ਇਹ ਇਸੇ ਵਾਰਤਾ ਦੀ ਇਕ ਸਿਖ਼ਰ ਵੀ ਹੈ ਕਿ ਬਾਬਾ ਜਵਾਲਾ ਸਿੰਘ ਜੀ ਖ਼ੁਸ਼ੀ ਵਿਚ ਝੂਮ ਕੇ ਬੋਲੇ, "ਇਸ ਕੰਮ ਵਿਚ ਗੁਰੂ ਮਹਾਰਾਜ ਜ਼ਰੂਰ ਸਾਨੂੰ ਆਪਣਾ ਆਸ਼ੀਰਵਾਦ ਦੇਣਗੇ।"

ਇਹ ਸਾਰਾ ਕੁਝ ਅਸੀਂ ਇਥੇ ਨਹੀਂ ਲਿਖਿਆ, ਕੇਵਲ ਸੁਆਲ ਖੜ੍ਹੇ ਕੀਤੇ ਹਨ। ਸਾਡਾ ਯਕੀਨ ਹੈ ਕਿ ਤੁਸੀਂ ਇਹ ਸਭ ਕੁਝ ਜ਼ਰੂਰ ਜਾਨਣਾ ਚਾਹੋਗੇ ਅਤੇ ਅਗਲੇ ਸਫਿਆਂ ਵਿਚ ਆਪ, ਆਪ ਪੜ੍ਹੋਗੇ। ਇਸ ਦਾ ਆਪਣਾ ਹੀ ਰਸ ਹੋਵੇਗਾ।

ਇਸ ਤੋਂ ਪਿੱਛੋਂ ਬਾਬਾ ਜਵਾਲਾ ਸਿੰਘ ਦੀ ਮਿਕਨਾਤੀਸੀ ਸ਼ਖ਼ਸੀਅਤ ਭਾਈ ਸੰਤੋਖ ਸਿੰਘ ਜੀ ਨੂੰ ਵੀ ਖਿੱਚ ਲੈਂਦੀ ਹੈ।

"ਫਿਰ ਤਿੰਨੇ ਕੌਮਪ੍ਰਸਤ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੇਸ਼ ਹੋਏ ਤੇ ਆਸ਼ੀਰਵਾਦ ਹਾਸਲ ਕੀਤਾ ਤੇ ਮੁਲਕੀ ਸੇਵਾ ਨੂੰ ਮਜ਼ਹਬ ਦੇ ਲਿਹਾਜ਼ ਨਾਲ ਵੀ ਇਕ ਪਵਿੱਤਰ ਕਾਰਜ ਸਮਝ ਤਿੰਨਾਂ ਨੇ ਹੀ ਗੁਰੂ ਦੀ ਹਜ਼ੂਰੀ

ਵਿਚ ਅਰਦਾਸਾ ਸੋਧਿਆ ਕਿ ਬਸ ਅੱਜ ਤੋਂ ਸਾਡਾ ਤਨ, ਮਨ ਤੇ ਧਨ ਮੁਲਕ ਦਾ ਹੋ ਚੁੱਕਾ, ਅਸੀਂ ਜਿੰਨਾ ਚਿਰ ਜੀਵਾਂਗੇ ਦੇਸ਼ ਦੀ ਸੇਵਾ ਤੋਂ ਕਦੇ ਮੂੰਹ ਨਾ ਮੋੜਾਂਗੇ।" ਸੋ ਇਸ ਦਿਨ ਤੋਂ ਇਹ ਤਿੰਨੇ ਤਿਆਗੀ ਦੇਸ਼ ਦੀ ਅਮਾਨਤ ਬਣ ਗਏ। ਇਹ ਸੱਭੇ ਇਸ ਗੱਲ ਦੇ ਵਿਸ਼ਵਾਸੀ ਸਨ, "ਦਸ਼ਮੇਸ਼ ਜੀ ਨੇ ਖ਼ਲਕ ਦੀ ਖ਼ਿਦਮਤ ਵਿਚ ਹੀ ਖ਼ੁਦਾ ਦੀ ਖ਼ਿਦਮਤ ਸਮਝੀ ਸੀ ਤੇ ਇਸੇ ਅਸੂਲ ਉਪਰ ਅਮਲ ਕਰਦੇ ਹੋਏ ਆਪਣਾ ਖ਼ਾਨਦਾਨ ਮੁਲਕ ਦੀ ਕੁਰਬਾਨਗਾਹ ਪੁਰ ਆਹੂਤੀ ਕਰ ਦਿੱਤਾ ਸੀ।"

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਆਇਆ। ਦੂਰੋਂ ਨੇੜਿਓਂ ਸਭ ਹਿੰਦੁਸਤਾਨੀ ਇਕੱਠੇ ਹੋਏ। "ਇਹਨਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਸਨ। ਕੈਲੇਫੋਰਨੀਆ ਵਿਚ 'ਹਿੰਦੁਸਤਾਨੀ' ਪਹਿਲੀ ਵਾਰ ਇਸ ਤਰ੍ਹਾਂ 'ਕੱਠੇ ਹੋਏ ਸਨ। ਇਹ ਸਾਰਾ ਬਾਬਾ ਜਵਾਲਾ ਸਿੰਘ ਜੀ ਦਾ ਪ੍ਰਤਾਪ ਸੀ।.....ਅਮਰੀਕਾ ਵਿਚ ਹਿੰਦੀਆਂ ਦਾ ਇਹ ਪਹਿਲਾ ਜਲਸਾ ਨਿਹੈਤ ਕਾਮਯਾਬ ਰਿਹਾ।"

ਪਹਿਲੇ ਦਿਨ ਦੀਆਂ ਗਤੀਵਿਧੀਆਂ ਧਾਰਮਿਕ ਸਨ, ਪਰ ਦੂਜੇ ਦੋਵੇਂ ਦਿਨ ਮੁਲਕੀ ਮਾਮਲਿਆਂ 'ਤੇ ਵਿਚਾਰਾਂ ਹੋਈਆਂ। ਰਾਜਸੀ ਮਾਮਲਿਆਂ ਲਈ ਬਕਾਇਦਾ ਇੱਕ ਕਮੇਟੀ ਕਾਇਮ ਕੀਤੀ ਗਈ। ਬਾਬਾ ਜਵਾਲਾ ਸਿੰਘ ਇਸ ਦੇ ਪ੍ਰਧਾਨ ਅਤੇ ਭਾਈ ਸੰਤੋਖ ਸਿੰਘ ਸਕੱਤਰ ਨੀਯਤ ਹੋਏ। ਇਹ ਅਗਾਂਹ ਵਲ ਇਕ ਬਹੁਤ ਵੱਡੀ ਪੁਲਾਂਘ ਸੀ। ਨਮੋਸ਼ੀ ਅਤੇ ਨਿਮੋਝੂਣਤਾ ਦੀ ਥਾਂ ਅਣਖ ਨੇ ਲਈ।

ਗ਼ਦਰ ਪਾਰਟੀ ਅਜੇ ਹੋਂਦ ਵਿਚ ਨਹੀਂ ਸੀ ਆਈ, "ਜਿਹੜੇ ਜਜ਼ਬਾਤ ਬਾਬਾ ਜਵਾਲਾ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਦੇ ਸਨ, ਉਹ ਹੋਰਨਾਂ ਰਿਆਸਤਾਂ ਵਿਚ ਰਹਿਣ ਵਾਲੇ ਹਿੰਦੀਆਂ ਵਿਚ ਵੀ ਮੌਜੂਦ ਸਨ।"

ਫੁੱਲ ਖਿੜ ਪਿਆ। ਗ਼ਦਰ ਪਾਰਟੀ ਦਾ ਆਦਰਸ਼ ਸੀ ਆਜ਼ਾਦੀ ਅਤੇ ਸਮਾਨਤਾ। ਗ਼ਦਰ ਪਾਰਟੀ ਹੋਂਦ ਵਿਚ ਆਈ। ਪੁਸਤਕ ਵਿਚ ਠੀਕ ਹੀ ਚੇਤੇ ਕੀਤਾ ਗਿਆ ਹੈ, "ਇਸ ਪਾਰਟੀ ਵਿਚ ਸਭ ਹਿੰਦੀ ਬਗੈਰ ਕਿਸੇ ਮਜ਼ਹਬੀ ਜਾਂ ਸੰਪਰਦਾਈ ਵੰਡ ਦੇ ਸ਼ਾਮਲ ਹੋ ਸਕਦੇ ਸਨ। ਗ਼ਦਰ ਪਾਰਟੀ ਦੇ ਸਿਪਾਹੀ ਆਪਸ

ਵਿਚ ਕੇਵਲ ਕੌਮੀ ਰਿਸ਼ਤੇ ਨਾਲ ਪ੍ਰੋਤੇ ਹੋਏ ਸਨ। ਕਿਸੇ ਪੁਰਸ਼ ਦੇ ਮਜ਼ਹਬ ਨਾਲ ਕੋਈ ਬਹਿਸ ਨਹੀਂ ਸੀ। ਪਾਰਟੀ ਅੰਦਰ ਮਜ਼ਹਬੀ ਬਹਿਸ ਦੀ ਆਗਿਆ ਨਹੀਂ ਸੀ।

"ਹਰ ਹਿੰਦੀ ਇਕ ਹਿੰਦੁਸਤਾਨੀ ਦੀ ਹੈਸੀਅਤ ਵਿਚ ਅਤੇ ਹਰ ਇਨਸਾਨ ਇਕ ਇਨਸਾਨ ਦੀ ਹੈਸੀਅਤ ਵਿਚ ਇਸ ਦਾ ਮੈਂਬਰ ਬਣ ਸਕਦਾ ਸੀ।"

ਇਹ ਉਹ ਪਿਛੋਕੜ ਹੈ ਜਿਸ ਨੂੰ ਇਤਿਹਾਸ ਲਿਖਣ ਲੱਗਿਆਂ ਅਕਸਰ ਹੀ ਵੱਧ ਤੋਂ ਵੱਧ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਹੈ। ਪਰ ਇਸ ਪੁਸਤਕ ਵਿਚ ਅਜਿਹਾ ਨਹੀਂ ਕੀਤਾ ਗਿਆ। ਇਸੇ ਕਰਕੇ ਇਸ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।

ਸਾਡੇ ਵਿਚਾਰ ਵਿਚ ਇਹ ਜੀਵਨੀ ਇਸ ਗੱਲ ਵੱਲ ਵੀ ਉਚੇਚੇ ਤੌਰ 'ਤੇ ਧਿਆਨ ਖਿੱਚੇਗੀ ਕਿ ਬਾਬਾ ਜਵਾਲਾ ਸਿੰਘ ਜੀ ਕਿਸਾਨੀ ਮਸਲਿਆਂ ਨੂੰ ਕਿੰਨੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ, ਉਹਨਾ ਦੇ ਹੱਲ ਲਈ ਕਿਵੇਂ ਜੂਝਦੇ ਸਨ ਅਤੇ ਕਿਸਾਨਾਂ ਦੀ ਲਹਿਰ ਉਸਾਰਨ ਵਿਚ ਉਹਨਾ ਦਾ ਕਿੰਨਾ ਵੱਡਾ ਰੋਲ ਸੀ। ਅੱਜ ਜਿਹੜੇ ਹਾਲਾਤ ਵਿਚ ਕਿਸਾਨੀ ਗੁਜ਼ਰ ਰਹੀ ਹੈ, ਉਨ੍ਹਾਂ ਵਿਚ ਸ਼ਾਇਦ ਇਸਦੀ ਲੋੜ ਹੋਰ ਵੀ ਵੱਧ ਜਾਂਦੀ ਹੈ।

ਆਪਣੀ ਜ਼ਿੰਦਗੀ ਵਿਚ ਆਖ਼ਰੀ ਲੜਾਈ ਉਹਨਾ ਨੇ ਨੀਲੀ ਬਾਰ ਵਿਚ ਲੜੀ। "50,000 ਮੁਜ਼ਾਰਿਆਂ ਨੇ ਜ਼ਿਮੀਦਾਰਾਂ ਦੇ ਜ਼ੁਲਮੋ-ਸਿਤਮ ਵਿਰੁੱਧ ਹੜਤਾਲ ਕੀਤੀ ਸੀ। ਬਾਬਾ ਜੀ ਆਪਣੇ ਸਾਥੀਆਂ ਸਮੇਤ ਉਹਨਾ ਦੀ ਇਮਦਾਦ ਵਾਸਤੇ ਪੁੱਜੇ ਅਤੇ ਉਹਨਾਂ ਨੂੰ ਪੂਰੀ ਕਾਮਯਾਬੀ ਹੋਈ।"

ਬਾਬਾ ਸੋਹਣ ਸਿੰਘ ਭਕਨਾ ਨੇ 'ਜੀਵਨ ਸੰਗਰਾਮ' ਵਿਚ ਲਿਖਿਆ ਹੈ:

"......ਜਦੋਂ ਬਾਬਾ ਜਵਾਲਾ ਸਿੰਘ ਨੇ ਸਭ ਤੋਂ ਪਹਿਲਾਂ ਮਿੰਟਗੁਮਰੀ ਵਿਚ ਜ਼ਿਮੀਦਾਰਾਂ ਦੇ ਖਿਲਾਫ਼ ਲਹਿਰ ਖੜ੍ਹੀ ਕੀਤੀ, ਜ਼ਿਮੀਦਾਰਾਂ ਤੇ ਸਰਕਾਰ ਦੇ ਗੋਡੇ ਲਵਾਏ। ਮੁਜ਼ਾਰਿਆਂ ਦੇ ਮਤਾਲਬੇ ਮੰਨਵਾਏ ਤੇ ਕਾਮਯਾਬੀ ਪਿੱਛੋਂ ਲਾਹੌਰ ਆਉਂਦੇ ਹੋਏ ਬੱਸ ਹਾਦਸੇ ਵਿਚ ਸ਼ਹੀਦ ਹੋ ਗਏ ਤਾਂ ਉਹਨਾਂ ਦੇ ਕੰਮ ਨੇ ਸਾਰੇ

ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਿਨ੍ਹਾਂ ਵਿਚੋਂ ਇਕ ਮੈਂ ਵੀ ਸਾਂ।"

ਬਾਬਾ ਭਗਤ ਸਿੰਘ ਬਿਲਗਾ ਨੇ "ਅਣਫੋਲੇ ਵਰਕੇ" ਵਿਚ ਲਿਖਿਆ ਹੈ, "ਮੁਜ਼ਾਰਿਆਂ ਦੀ ਇਹ ਪਹਿਲੀ ਵੱਡੀ ਜਿੱਤ ਸੀ।"

ਬਾਬਾ ਜੀ ਦੇ ਸ਼ਹੀਦ ਹੋਣ ਸਮੇਂ 75000 ਕਿਸਾਨ ਸੂਬਾ ਕਿਸਾਨ ਕਮੇਟੀ ਦੇ ਮੈਂਬਰ ਬਣ ਚੁੱਕੇ ਸਨ। ਲਹਿਰ ਨੇ ਏਨੀ ਵੱਡੀ ਕਾਮਯਾਬੀ ਕਿਵੇਂ ਹਾਸਲ ਕੀਤੀ ? ਇਸ ਦੀ ਵਿਥਿਆ ਵੀ ਇਸ ਪੁਸਤਕ ਦਾ ਇਕ ਬਹੁਤ ਹੀ ਵੱਡਮੁੱਲਾ ਭਾਗ ਹੈ ਅਤੇ ਆਪਣੇ ਆਪ ਵਿਚ ਇਕੋ ਵੱਡਮੁੱਲਾ ਸਬਕ ਵੀ।

ਜਿਵੇਂ ਕਿ ਉਪਰ ਆ ਚੁੱਕਿਆ ਹੈ। ਬਾਬਾ ਜੀ ਨਿਰਸੰਦੇਹ ਸ਼ਹੀਦ ਸਨ। ਸ਼ਹੀਦ ਕੇਵਲ ਉਹ ਹੀ ਨਹੀਂ ਹੁੰਦਾ ਜਿਸ ਨੂੰ ਗੋਲੀ ਵੱਜੇ ਜਾਂ ਉਸ ਨੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਰੱਸੇ ਨੂੰ ਚੁੰਮ ਲਿਆ ਹੋਵੇ। ਭਾਈ ਸੰਤੋਖ ਸਿੰਘ ਨੂੰ ਨਾ ਗੋਲੀ ਮਾਰੀ ਗਈ ਸੀ, ਨਾ ਤੋਪ ਅੱਗੇ ਖੜ੍ਹਾ ਕਰ ਕੇ ਉਡਾਇਆ ਗਿਆ ਸੀ, ਨਾ ਹੀ ਉਹਨਾਂ ਨੂੰ ਫਾਂਸੀ ਹੋਈ ਸੀ। ਫਿਰ ਵੀ ਮਾਸਟਰ ਤਾਰਾ ਸਿੰਘ ਨੇ ਉਹਨਾ ਬਾਰੇ ਲਿਖਿਆ ਸੀ ਕਿ 'ਉਹ ਪੁਰਜ਼ਾ ਪੁਰਜਾ ਕੱਟ ਮਰੇ ਹਨ' ਅਤੇ ਇਹ ਬਿਲਕੁੱਲ ਠੀਕ ਸੀ। ਬਾਬਾ ਜਵਾਲਾ ਸਿੰਘ ਜੀ ਵੀ ਜਦੋਂ ਲਾਰੀਆਂ ਦੀ ਟੱਕਰ ਵਿਚ ਜ਼ਖਮੀ ਹੋਏ ਸਨ, ਉਹ ਕੋਮੀਲਾ (ਬੰਗਾਲ) ਵਿਚ ਹੋਣ ਵਾਲੀ ਕੁੱਲ ਹਿੰਦ ਕਿਸਾਨ ਕਾਨਫ਼ਰੰਸ ਵਿਚ ਹਿੱਸਾ ਲੈਣ ਦੇ ਖ਼ਿਆਲ ਨਾਲ ਨੀਲੀ ਬਾਰ ਤੋਂ ਲਾਹੌਰ ਆ ਰਹੇ ਸਨ। ਇਹ ਰਣ ਖੇਤਰ ਵਿਚ ਹੀ ਮਰਨਾ ਨਹੀਂ ਸੀ ਤਾਂ ਹੋਰ ਕੀ ਸੀ ? ਤੇ ਨਾਲੇ ਜਦੋਂ ਦਾ ਉਹਨਾ ਨੇ ਆਜ਼ਾਦੀ ਦੀ ਜੰਗ ਵਿਚ ਪੈਰ ਧਰਿਆ ਸੀ, ਕਦੇ ਵੀ ਮੁੜ ਕੇ ਪਿੱਛੇ ਵਲ ਨਹੀਂ ਸੀ ਤੱਕਿਆ। ਉਹ ਤਾਂ ਜੀਵੰਦਿਆਂ ਵੀ ਮਰਜੀਵੜੇ ਸਨ ਅਤੇ ਜਦੋਂ ਮਰੇ ਤਾਂ ਮੌਤ ਨੂੰ ਵੀ ਇੰਜ ਚੁੰਮਿਆ ਕਿ ਉਹ ਵੀ ਕਾਇਆ ਪਲਟ ਕੇ ਹਯਾਤ ਬਣ ਗਈ।

ਡਾਕਟਰ ਭਾਗ ਸਿੰਘ ਐਵੇਂ ਤਾਂ ਨਹੀਂ ਸੀ ਚੀਖ਼ ਉੱਠਿਆ:

"ਐ ਕਿਸਾਨ ! ਬਾਬਾ ਜਵਾਲਾ ਸਿੰਘ ਵਰਗਾ ਤਿਆਗੀ ਲੀਡਰ ਬਣਨ ਦੀ ਖ਼ਾਹਸ਼ ਤੋਂ ਉੱਚਾ, 24 ਘੰਟੇ ਖ਼ੂਨ-ਪਸੀਨਾ ਇਕ ਕਰਨ ਵਾਲਾ ਅਤੇ ਸਿਰਫ਼

ਇਕ ਸਾਫਾ ਮੋਢੇ 'ਤੇ ਰੱਖ ਕੇ ਜੋਗੀਆਂ ਵਾਂਗੂੰ ਪਿੰਡ-ਪਿੰਡ ਫਿਰ ਕੇ ਤੈਨੂੰ ਜਗਾਉਣ ਵਾਲਾ ਬੇਗਰਜ਼ ਵਰਕਰ ਤੈਨੂੰ ਕਦ ਮਿਲੇਗਾ ? ਸਿਵਾਏ ਬਾਬਾ ਜਵਾਲਾ ਸਿੰਘ ਜੀ ਦੇ ਕੌਣ ਜਾਣਦਾ ਸੀ ਕਿ ਗਰੀਬ ਪੇਂਡੂਆਂ ਨੂੰ ਕਿਹੜੀਆਂ-ਕਿਹੜੀਆਂ ਮੁਸੀਬਤਾਂ ਦਾ ਮੁਕਾਬਲਾ ਹੈ। ਕਾਸ਼! ਕਿ ਕੋਈ ਬਜ਼ੁਰਗ ਬਾਬਾ ਜਵਾਲਾ ਸਿੰਘ ਜੀ ਵਰਗੇ ਵਲਵਲੇ ਅਤੇ ਜਜ਼ਬੇ ਆਪਣੇ ਖੁਲ੍ਹੇ ਸੀਨੇ ਵਿਚ ਲੈ ਕੇ ਪੰਜਾਬ ਦੇ ਕਿਸਾਨਾਂ ਦਾ ਹੱਥ ਫੜੇ ਅਤੇ ਇਹਨਾਂ ਮਜ਼ਲੂਮਾਂ ਦੀ ਅਗਵਾਈ ਕਰੇ।"

'ਮੁੱਢਲੇ ਸ਼ਬਦਾਂ' ਦੀ ਵੀ ਆਪਣੀ ਸੀਮਾ ਹੁੰਦੀ ਹੈ। ਜੋ ਕੁਝ ਇਸ ਪੁਸਤਕ ਵਿਚ ਹੈ ਇਥੇ ਤਾਂ ਉਸ ਦੀ ਝਲਕ ਮਾਤਰ ਹੀ ਹੈ। ਉਹ ਕਿੱਡਾ ਵੱਡਾ ਰਾਜ ਰਿਸ਼ੀ ਸੀ, ਕਿਵੇਂ ਹਰ ਮੈਦਾਨ ਜੂਝਿਆ, ਕਿਵੇਂ ਹਰ ਤਸੀਹੇ ਨੂੰ ਵੰਗਾਰਿਆ, ਕਿਵੇਂ ਹਰ ਮੁਸ਼ਕਲ ਨੂੰ ਗਿੱਚੀਓਂ ਫੜਿਆ, ਕਿਵੇਂ ਹਰ ਜ਼ੁਲਮ ਦਾ ਮੂੰਹ ਚਿੜਾਇਆ, ਕਿਵੇਂ ਹਰ ਬਾਗੀ ਨਾਲ ਜਾ ਖਲੋਤਾ, ਕਿਵੇਂ ਹਰ ਜ਼ੁਲਮ ਨੂੰ ਉਸ ਅੱਗੇ ਸ਼ਰਮਸਾਰ ਹੋਣਾ ਪਿਆ; ਇਹਨਾਂ ਸਾਰੀਆਂ ਗੱਲਾਂ ਦੇ ਰੂਬਰੂ ਤਾਂ ਤੁਸੀਂ ਅਗਲੇ ਸਫਿਆਂ 'ਤੇ ਹੀ ਹੋਵੋਗੇ।

ਲਓ, ਪੁਸਤਕ ਹਾਜ਼ਰ ਹੈ।

-ਗੁਰਬਖ਼ਸ਼ ਸਿੰਘ (ਬੰਨੋਆਣਾ)

ਭੂਮਿਕਾ

ਬਾਬਾ ਜਵਾਲਾ ਸਿੰਘ ਜੀ ਨੇ ਆਪਣੇ ਹੰਗਾਮੀ ਜੀਵਨ ਦੇ ਹਾਲਾਤ ਆਪਣੀ ਕਲਮ ਨਾਲ ਲਿਖੇ ਹਨ। ਆਪਦੇ ਦੂਸਰੇ ਸਾਥੀਆਂ ਨੇ ਭੀ 1914-15 ਦੀ ਇਨਕਲਾਬੀ ਲਹਿਰ ਬਾਰੇ ਅੱਛੇ ਖਾਸੇ ਨੋਟ ਲਿਖੇ ਹੋਏ ਹਨ। ਜੇ ਇਹਨਾਂ ਨੋਟਾਂ ਤੋਂ ਬਾਬਾ ਜੀ ਦੀ ਜੀਵਨੀ ਤਿਆਰ ਕੀਤੀ ਜਾਂਦੀ ਤਾਂ ਨਿਸ਼ਚੇ ਹੀ ਇਹ ਕਹਾਣੀ ਸੈਂਕੜੇ ਸਫਿਆਂ ਦੀ ਇਕ ਵੱਡੀ ਕਿਤਾਬ ਬਣ ਜਾਂਦੀ। ਪਰ ਬਾਬਾ ਜੀ ਦੀ ਜੀਵਨੀ ਦੀ ਮੰਗ ਬੜੀ ਤੀਬਰ ਸੀ, ਜਿਸਨੇ ਸਾਨੂੰ ਮਜਬੂਰ ਕਰ ਦਿੱਤਾ ਕਿ ਬਾਬਾ ਜੀ ਦਾ ਸੰਖੇਪ ਜੀਵਨ ਛੇਤੀਂ ਤੋਂ ਛੇਤੀਂ ਪਬਲਿਕ ਦੀ ਸੇਵਾ ਵਿਚ ਪੇਸ਼ ਕੀਤਾ ਜਾਵੇ। ਇਸ ਲਈ ਇਹ ਛੋਟੀ ਜਿਹੀ ਪੁਸਤਕ ਬਾਬਾ ਜੀ ਦੇ ਪੁਰਾਣੇ ਸਾਥੀਆਂ ਤੋਂ ਹਾਲਾਤ ਪਤਾ ਕਰਕੇ ਤਿਆਰ ਕੀਤੀ ਗਈ ਹੈ। ਇਸਦੇ ਤਿਆਰ ਕਰਨ ਵਿਚ ਬਾਬਾ ਵਸਾਖਾ ਸਿੰਘ ਜੀ, ਬਾਬਾ ਸੋਹਣ ਸਿੰਘ ਜੀ, ਬਾਬਾ ਕੇਸਰ ਸਿੰਘ ਜੀ ਤੇ ਕਾਮਰੇਡ ਭਾਗ ਸਿੰਘ ਜੀ ਕਨੇਡੀਅਨ ਦੀ ਯਾਦਦਾਸ਼ਤ ਨੇ ਬਹੁਤ ਕੰਮ ਦਿੱਤਾ ਹੈ, ਇਸ ਸਹਾਇਤਾ ਵਾਸਤੇ ਜਿਸ ਤੋਂ ਬਿਨਾਂ ਏਹ ਸੈਂਚੀ ਤਿਆਰ ਨਹੀਂ ਸੀ ਹੋ ਸਕਦੀ ਮੈਂ ਉਪਰ ਲਿਖੇ ਬਜ਼ੁਰਗਾਂ ਦਾ ਦਿਲੋਂ ਧੰਨਵਾਦੀ ਹਾਂ।

7 ਜੁਲਾਈ, 1938 —ਡਾ. ਭਾਗ ਸਿੰਘ

ਸ਼ਹੀਦ ਬਾਬਾ ਜਵਾਲਾ ਸਿੰਘ ਜੀ

ਮਸ਼ਹੂਰ ਦੇਸ਼ ਭਗਤ ਬਾਬਾ ਜਵਾਲਾ ਸਿੰਘ ਜੀ ਦੇਸ਼ ਦੀ ਸੇਵਾ ਕਰਦੇ ਹੋਏ ਤੇ ਪੰਜਾਬ ਵਿੱਚ ਕਿਸਾਨ ਲਹਿਰ ਨੂੰ ਮਜ਼ਬੂਤ ਕਰਨ ਦੇ ਯਤਨਾਂ ਵਿੱਚ ਰਾਤ ਦਿਨ ਇੱਕ ਕਰਦੇ ਹੋਏ 6 ਮਈ 1938 ਨੂੰ ਉਕਾੜੇ ਤੋਂ ਪੰਦਰਾਂ ਮੀਲ ਲਾਹੌਰ ਵਾਲੇ ਪਾਸੇ ਲਾਰੀਆਂ ਦੀ ਟੱਕਰ ਹੋ ਜਾਣ ਕਰਕੇ ਸਖਤ ਜ਼ਖਮੀ ਹੋ ਗਏ ਤੇ 9 ਮਈ ਨੂੰ ਮੇਓ-ਹਸਪਤਾਲ ਲਾਹੌਰ ਵਿੱਚ ਆਪਣੇ ਬੇਸ਼ੁਮਾਰ ਸਾਥੀਆਂ ਤੇ ਸ਼ਰਧਾਲੂਆਂ ਨੂੰ ਵਿਛੋੜੇ ਦੀ ਕਾਰੀ ਸੱਟ ਲਾ ਗਏ। ਇਸ ਅਚਾਨਕ ਵਿਛੋੜੇ ਨਾਲ ਜੋ ਕਮੀ ਰਾਜਸੀ ਮੈਦਾਨ ਵਿੱਚ ਪੈਦਾ ਹੋਈ ਹੈ, ਉਸਨੂੰ ਪੂਰਾ ਕਰਨਾ ਬੜਾ ਕਠਿਨ ਹੈ ਤੇ ਜੋ ਨੁਕਸਾਨ ਪੰਜਾਬ ਦੀ ਕਿਸਾਨ ਲਹਿਰ ਨੂੰ ਪੁੱਜਾ ਹੈ ਉਸਦੀ ਤਲਾਫੀ ਨਹੀਂ ਹੋ ਸਕਦੀ।

ਆਪ ਦਾ ਪਵਿੱਤਰ ਤੇ ਨੇਕ ਜੀਵਨ ਜੋ ਸਨ 1908 ਤੋਂ ਕੌਮ ਤੇ ਮੁਲਕ ਦੀ ਸੇਵਾ ਵਾਸਤੇ ਵਕਫ ਸੀ ਐਸੀ ਕੁਰਬਾਨੀਆਂ ਪੂਰਤ ਤੇ ਸਿਖਿਆਦਾਇਕ ਹੈ ਕਿ ਇਸਦੇ ਸੁਨਹਿਰਾ ਵਾਕਿਯਾਤ ਤੋਂ ਆਮ ਜਨਤਾ ਨੂੰ ਬੇਖਬਰ ਰੱਖਣਾ ਇੱਕ ਐਸਾ ਗੁਨਾਹ ਹੈ, ਜੋ ਕਦੇ ਮੁਆਫ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਮੁਨਾਸਬ ਸਮਝਿਆ ਗਿਆ ਹੈ ਕਿ ਬਾਬਾ ਜੀ ਦੀ ਪਵਿੱਤਰ ਜ਼ਿੰਦਗੀ ਦੇ ਹਾਲਾਤ ਸੰਖੇਪ ਤੌਰ ਪੁਰ ਜਨਤਾ ਦੀ ਸੇਵਾ ਵਿੱਚ ਪੇਸ਼ ਕੀਤੇ ਜਾਣ। ਜਿਸ ਜਨਤਾ ਦੀ ਸੇਵਾ ਦੀ ਧੁੰਨ ਬਾਬਾ ਜੀ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਈ ਫਿਰਦੀ ਸੀ।

ਰੋਜ਼ਗਾਰ ਦੀ ਭਾਲ ਵਿੱਚ ਅਮਰੀਕਾ ਨੂੰ

ਇਹ ਗੱਲ ਸਭ ਪੁਰ ਸੂਰਜ ਵਾਂਗ ਰੌਸ਼ਨ ਹੈ ਕਿ ਗੁਲਾਮੀ ਦੇ ਸਬੱਬ ਸਾਡਾ ਦੇਸ਼ ਹਦੋਂ ਪਰੇ ਨਿਰਧਨ ਹੋ ਗਿਆ ਹੈ। ਏਥੋਂ ਤੱਕ ਕਿ ਸਾਡੇ ਦੇਸ਼ ਦੇ ਸਪੂਤ ਭੁੱਖ ਦੇ ਸਤਾਏ ਹੋਏ ਗੈਰ ਦੇਸ਼ਾਂ ਵੱਲ ਨਿਕਲ ਜਾਂਦੇ ਹਨ ਤਾਂ ਕਿ ਰੋਜ਼ਗਾਰ ਕਮਾ ਸਕਣ ਤੇ ਉਦਰ ਪੂਰਣਾ ਕਰ ਸਕਣ। ਹਿੰਦੁਸਤਾਨ ਖਾਸ ਕਰਕੇ ਪੰਜਾਬ ਵਿੱਚੋਂ ਇਸ ਸ਼ਤਾਬਦੀ ਦੇ ਆਰੰਭ ਵਿੱਚ ਬਹੁਤ ਸਾਰੇ ਮਿਹਨਤ ਕਰਨ ਵਾਲੇ ਲੋਕੀ ਰੱਜ ਕੇ ਰੋਟੀ ਖਾਣ ਵਾਸਤੇ ਅਮਰੀਕਾ ਤੇ ਕੈਨੇਡਾ ਵਲ ਚਲੇ ਗਏ। ਰੋਜ਼ਗਾਰ ਦੇ ਇਹਨਾਂ ਢੂੰਡਊਆਂ ਵਿੱਚੋਂ ਇੱਕ ਬਾਬਾ ਜਵਾਲਾ ਸਿੰਘ ਜੀ ਵੀ ਸਨ।

ਬਾਬਾ ਜੀ ਤਾਂ ਤਕਰੀਬਨ 1905 ਵਿੱਚ ਹੀ ਹਿੰਦੁਸਤਾਨ ਤੋਂ ਬਾਹਰ ਚਲੇ ਗਏ ਸਨ ਤੇ ਚੀਨ, ਪਨਾਮਾ ਤੇ ਮੈਕਸੀਕੋ ਆਦਿ ਵਿਚੀਂ ਵਿਚਰਦੇ ਹੋਏ 1908 ਦੇ ਕਰੀਬ ਕੈਲੇਫੋਰਨੀਆਂ ਅਮਰੀਕਾ ਵਿੱਚ ਜਾ ਪੁੱਜੇ। ਇਹ ਸਾਰੇ ਆਜ਼ਾਦ ਦੇਸ਼ ਹਿੰਦੀ ਮਜ਼ਦੂਰਾਂ ਵਾਸਤੇ ਸਵਰਗ ਦਾ ਨਮੂਨਾ ਸਨ। ਪਰ ਅਮਰੀਕਾ ਤਾਂ ਸਭ ਦੇਸ਼ਾਂ ਦਾ ਸਿਰਤਾਜ ਸੀ। ਮਿਹਨਤ ਦੀ ਜੋ ਕਦਰ ਇਸ ਦੇਸ਼ ਵਿੱਚ ਸੀ, ਹੋਰ ਕਿਤੇ ਨਹੀਂ ਸੀ। ਅੱਛੇ ਸਮਿਆਂ ਵਿੱਚ ਠੇਕੇ ਪੁਰ ਕੰਮ ਕਰਨ ਵਾਲਾ ਹਿੰਦੀ ਮਜ਼ਦੂਰ ਇੱਕ ਦਿਨ ਵਿੱਚ ਚੋਂਦਾਂ- 2 ਡਾਲਰ ਕਮਾ ਲਿਆ ਕਰਦਾ ਸੀ। ਇਹੀ ਸਬੱਬ ਸੀ ਕਿ ਜਿਨ੍ਹਾਂ ਹਿੰਦੀਆਂ ਨੇ ਰੋਜ਼ੀ ਦੀ ਭਾਲ ਵਿੱਚ ਆਪਣਾ ਦੇਸ਼ ਛੱਡਿਆ ਸੀ, ਉਹ ਅਮਰੀਕਾ ਵਲ ਖਿਚੇ ਜਾ ਰਹੇ ਸਨ। ਅਮਰੀਕਾ ਵਿੱਚ ਇਹ ਮਿਕਨਾਤੀਸੀ ਖਿੱਚ ਅਜੇ ਭੀ ਮੌਜੂਦ ਹੈ।

ਫਰਿਸ਼ਤਿਆਂ ਦਾ ਮੇਲ

ਕਥਨ ਮਸ਼ਹੂਰ ਹੈ 'ਕਿ ਜੈਸੀ ਰੂਹ ਵੈਸੇ ਫਰਿਸ਼ਤੇ', ਕੈਲੇਫੋਰਨੀਆਂ ਵਿੱਚ, ਜੋ ਸਾਥੀ ਬਾਬਾ ਜਵਾਲਾ ਸਿੰਘ ਜੀ ਨੂੰ ਮਿਲੇ, ਉਹ ਆਪ ਵਰਗੇ ਹੀ ਨੇਕ ਨੀਯਤ ਬਾਬਾ ਵਿਸਾਖਾ ਸਿੰਘ ਜੀ ਸਨ। ਆਪ ਦੋਹਾਂ ਨੇ ਮਿਲਕੇ ਕਾਰੋਬਾਰ ਆਰੰਭ ਕੀਤਾ। ਮਨੋਬ੍ਰਿਤੀ ਦੇ ਇਕਸਾਰ ਹੋਣ ਕਰਕੇ ਦੋਹਾਂ ਬਜ਼ੁਰਗਾਂ ਵਿੱਚ ਅਜਿਹਾ ਸਨੇਹ ਤੇ ਭਾਈਚਾਰਾ ਪੈਦਾ ਹੋ ਗਿਆ, ਜੋ ਆਖਰੀ ਦਮ ਤੱਕ ਪੂਰਾ ਨਿਭਾਇਆ। ਇਹਨਾਂ ਦੋਹਾਂ ਬਜ਼ੁਰਗਾਂ ਨੇ ਕੁਛ ਹੋਰ ਸਾਥੀ ਨਾਲ ਲੈ ਕੇ ਕਸਬਾ ਹੋਲਟ ਦੇ ਕਰੀਬ ਪੰਜ ਸੌ ਏਕੜ ਜ਼ਮੀਨ ਠੇਕੇ ਪੁਰ ਲੈ ਕੇ ਖੇਤੀ ਦਾ ਕੰਮ ਸ਼ੁਰੂ ਕਰ ਦਿੱਤਾ। ਇਹ ਕਾਰੋਬਾਰ ਲਿਮਟਿਡ ਕੰਪਨੀ ਦੇ ਢੰਗ ਦਾ ਸੀ, ਜਿਸ ਵਿੱਚ ਤਕਰੀਬਨ ਅੱਧਾ ਹਿੱਸਾ ਬਾਬਾ ਜਵਾਲਾ ਸਿੰਘ ਜੀ ਦਾ ਤੇ ਅੱਧਾ ਬਾਕੀ ਦੇ ਸਾਥੀਆਂ ਦਾ ਸੀ। ਵਧੇਰੇ ਕਰਕੇ ਆਲੂਆਂ ਦੀ ਕਾਸ਼ਤ ਕੀਤੀ ਜਾਂਦੀ ਸੀ ਤੇ ਕੰਮ ਐਸੀ ਸਫਲਤਾ ਨਾਲ ਚਲ ਨਿਕਲਿਆ ਕਿ ਬਾਬਾ ਜਵਾਲਾ ਸਿੰਘ ਜੀ ਇਲਾਕੇ ਵਿੱਚ ਆਲੂਆਂ ਦੇ ਬਾਦਸ਼ਾਹ ਧੁਮ ਗਏ।

ਅਜ਼ਾਦੀ ਦਾ ਰੰਗ ਚੜ੍ਹਨ ਲੱਗਾ

ਬਾਬਾ ਜਵਾਲਾ ਸਿੰਘ ਜੀ ਜਿਕਣ ਕਿ ਆਪਦੇ ਦੋਸਤ ਤੇ ਸ਼ਰਧਾਲੂ ਚੰਗੀ ਤਰ੍ਹਾਂ ਜਾਣਦੇ ਸਨ, ਆਪਣੇ ਸੀਨੇ ਵਿੱਚ ਇੱਕ ਅਤਿਅੰਤ ਨਰਮ ਤੇ ਨੇਕ ਦਿਲ ਰੱਖਦੇ

ਸਨ। ਗੁਲਾਮ ਹਿੰਦੁਸਤਾਨ ਵਿੱਚੋਂ ਬਾਹਰ ਨਿਕਲਕੇ ਜਦੋਂ ਆਪ ਨੇ ਆਜ਼ਾਦ ਦੇਸ਼ਾਂ ਦੀ ਹਵਾ ਖਾਧੀ ਤਾਂ ਆਪਦੇ ਬੇਲਾਗ ਤੇ ਨੇਕ ਦਿਲ ਉੱਪਰ ਬੜੀ ਤੇਜ਼ੀ ਨਾਲ ਅਜ਼ਾਦੀ ਦਾ ਰੰਗ ਚੜ੍ਹਨ ਲੱਗਾ। ਆਪਣੇ ਦੇਸ਼ ਦੀ ਦਸ਼ਾ ਤੋਂ ਤਾਂ ਵਾਕਫ ਹੀ ਸਨ। ਹੁਣ ਅਮਰੀਕਾ ਦੀ ਤੈਹਜ਼ੀਬ ਦੀਆਂ ਜੀਉਂਦੀਆਂ ਜਾਗਦੀਆਂ ਤਸਵੀਰਾਂ ਆਪਦੀਆਂ ਅੱਖਾਂ ਦੇ ਸਾਹਮਣੇ ਆਉਣ ਲੱਗੀਆਂ। ਦੋਹਾਂ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਸੀ। ਬਾਬਾ ਜੀ ਨੇ ਗ਼ੁਲਾਮ ਹਿੰਦੁਸਤਾਨ ਵਿੱਚ ਨੌਜਵਾਨਾਂ ਨੂੰ ਸੁੱਕੇ ਸੜੇ ਤੇ ਚਿੰਤਾਵਾਨ ਵੇਖਿਆ ਸੀ ਪਰ ਅਮਰੀਕਾ ਦੇ ਨੌਜਵਾਨਾਂ ਦੇ ਚਿਹਰਿਆਂ ਉੱਪਰ ਰੰਗ ਸੀ, ਬੇ ਫਿਕਰੀ ਸੀ। ਹਿੰਦੁਸਤਾਨ ਵਿੱਚ ਜਹਾਲਤ ਤੇ ਗ਼ੁਲਾਮੀ ਦਾ ਦੌਰਾ ਸੀ ਤੇ ਹੋਣਹਾਰ ਨੌਜਵਾਨ ਜਿਨ੍ਹਾਂ ਦੀਆਂ ਉਮਰਾਂ ਨੂੰ ਗ਼ੁਲਾਮੀ ਦੀ ਪੱਤਝੜ ਨੇ ਝੁਲਸ ਕੇ ਰੱਖ ਦਿੱਤਾ ਸੀ, ਰੁਲਦੇ ਫਿਰਦੇ ਦੇਖੇ ਸਨ। ਖੁਦ ਵੀ ਤਾਂ ਆਪ ਆਪਣੇ ਦੇਸ਼ ਦੇ ਨੌ ਨਿਹਾਲ ਹੀ ਸਨ, ਪਰ ਸਮੇਂ ਦੇ ਗੇੜ ਨੇ ਮਜਬੂਰ ਕਰ ਦਿੱਤਾ ਸੀ ਕਿ ਪੇਟ ਭਰ ਕੇ ਖਾਣ ਵਾਸਤੇ ਪ੍ਰਦੇਸਾਂ ਵਿੱਚ ਜਾ ਕੇ ਸਿਰ ਛੁਪੌਣ। ਇਥੇ ਅਮਰੀਕਾ ਵਿੱਚ ਦੁਨੀਆ ਨਿਰਾਲੀ ਸੀ। ਇਨਸਾਨੀ ਨਸਲ ਨੂੰ ਵਿੱਦਿਯਾਵਾਨ, ਰਿਸ਼ਟ-ਪੁਸ਼ਟ ਤੇ ਬੇ-ਫਿਕਰੀ ਦੇ ਆਲਮ ਵਿੱਚ ਪਲਦੇ ਦੇਖਕੇ ਬਾਬਾ ਜੀ ਦੇ ਦਿਲ ਵਿੱਚ ਸਵਾਲ ਪੈਦਾ ਹੋਣ ਲੱਗਾ ਕਿ ਹਿੰਦੁਸਤਨ ਵਿੱਚ ਏਨੀ ਦਰਿਦਰਤਾ ਤੇ ਮਾਯੂਸੀ ਕਿਉਂ ? ਤੇ ਅਮਰੀਕਾ ਵਿੱਚ ਅਜਿਹੀ ਖੁਸ਼ਹਾਲੀ, ਚੰਗੀ ਸਿਹਤ ਤੇ ਹਰ ਚੀਜ਼ ਦੀ ਬੋਹਲਤਾ ਦਾ ਕੀ ਸਬੱਬ ? ਇਸਦਾ ਇੱਕ ਹੀ ਉਤਰ ਸੀ ਕਿ ਅਮਰੀਕਾ ਆਜ਼ਾਦੀ ਦੀਆਂ ਦਾਤਾਂ ਨਾਲ ਭਰਪੂਰ ਸੀ ਤੇ ਹਿੰਦੁਸਤਾਨ ਨੂੰ ਗੁਲਾਮੀ ਦੀ ਪਤਝੜ ਨੇ ਬਰਬਾਦ ਕਰ ਦਿੱਤਾ ਸੀ।

ਜਿਨ੍ਹਾਂ ਸੱਜਣਾਂ ਨੇ ਪ੍ਰਦੇਸਾਂ ਦੀ ਸੈਰ ਕੀਤੀ ਹੈ, ਉਹ ਭਲੀ-ਭਾਂਤ ਜਾਣਦੇ ਹਨ ਕਿ ਆਜ਼ਾਦ ਦੇਸ਼ਾਂ ਦੀ ਪਹਿਲੀ ਹੀ ਝਾਕੀ ਦਿਲ ਨੂੰ ਕਿੱਕਰ ਫਤਹਿ ਕਰ ਲੈਂਦੀ ਹੈ। ਆਜ਼ਾਦ ਦੇਸ਼ ਦੀ ਸੁਹਾਵਣੀ ਧਰਤੀ ਉੱਪਰ ਪੈਰ ਰੱਖਦਿਆਂ ਹੀ ਮਨ ਉੱਪਰ ਅਜੀਬ ਅਵਸਥਾ ਤਾਰੀ ਹੋ ਜਾਂਦੀ ਹੈ। ਆਜ਼ਾਦੀ ਦੀ ਹਵਾ ਲੱਗਦਿਆਂ ਹੀ ਆਪਣੇ ਦੇਸ ਦੀ ਪ੍ਰਾਧੀਨਤਾ ਦਾ ਦ੍ਰਿਸ਼ ਅੱਖਾਂ ਸਾਹਮਣੇ ਆ ਖਲੋਂਦਾ ਹੈ ਤੇ ਸਵਾਧੀਨਤਾ ਤੇ ਪ੍ਰਾਧੀਨਤਾ ਦਾ ਮੁਕਾਬਲਾ ਆਰੰਭ ਹੋ ਜਾਂਦਾ ਹੈ। ਆਪਣੀ ਗੁਲਾਮੀ ਨੂੰ ਯਾਦ ਕਰਕੇ ਦਿਲ ਅੰਦਰ ਹੀ ਅੰਦਰ ਬੈਠਨ ਲੱਗ ਪੈਂਦਾ ਹੈ। ਆਪਣੇ ਪਿਆਰੇ ਮੁਲਕ ਨਾਲ

ਪਿਆਰ ਹੁੰਦਾ ਹੈ। ਕਈ ਤਰ੍ਹਾਂ ਦਾ ਮਾਣ ਹੁੰਦਾ ਹੈ ਪਰ ਏਨਾਂ ਹੁੰਦੇ ਹੋਏ ਵੀ ਗੁਲਾਮੀ ਦੀ ਯਾਦ ਆਉਂਦਿਆਂ ਹੀ ਸਿਰ ਸ਼ਰਮ ਦੇ ਮਾਰੇ ਝੁਕ ਜਾਂਦਾ ਹੈ। ਗੁਲਾਮ ਆਦਮੀ ਆਜ਼ਾਦ ਮੁਲਕ ਵਿੱਚ ਜਾ ਕੇ ਆਪਣੇ ਆਪ ਨੂੰ ਬੜਾ ਹਕੀਰ ਜਿਹਾ ਮੈਹਸੂਸ ਕਰਦਾ ਹੈ। ਉਸਨੂੰ ਭਾਵੇਂ ਕੋਈ ਉਸਦੀ ਗੁਲਾਮੀ ਦਾ ਚੇਤਾ ਨਾ ਵੀ ਕਰਾਵੇ ਤਾਂ ਵੀ ਉਸਨੂੰ ਆਪਣੀ ਗੁਲਾਮੀ ਨਹੀਂ ਭੁੱਲ ਸਕਦੀ। ਆਜ਼ਾਦ ਲੋਕਾਂ ਦਾ ਧੌਣ ਉੱਚੀ ਕਰਕੇ ਤੁਰਨਾ ਫਿਰਨਾ। ਇਕ ਭੰਗੀ ਤੇ ਗਵਰਨਰ ਦਾ ਇਕੋ ਜਿਹੇ ਲਿਬਾਸ ਵਿੱਚ ਸਸ਼ੋਭਤ ਹੋਣਾ, ਆਜ਼ਾਦੀ ਨਾਲ ਫਿਰਨ ਵਾਲੀਆਂ ਜੋਬਨ ਮਤੀਆਂ ਦੀ ਚੈਹਲ-ਪੈਹਲ, ਸਾਫ਼-ਸਾਫ਼ ਸੜਕਾਂ, ਚੌੜੇ-ਚੌੜੇ ਬਾਜ਼ਾਰ ਤੇ ਸ਼ਾਨਦਾਰ ਇਮਾਰਤਾਂ ਉਸਨੂੰ ਹਰ ਵੇਲੇ ਆਪਣੇ ਮੁਲਕ ਦੀ ਗੁਲਾਮੀ ਦੀ ਯਾਦ ਦਵੌਂਦੀਆਂ ਰੈਂਹਦੀਆਂ ਹਨ। ਅਣਖੀਲਾ ਆਦਮੀ ਗੁਲਾਮੀ ਤੇ ਅਜ਼ਾਦੀ ਦੇ ਫਰਕ ਨੂੰ ਦੇਖਕੇ ਕਈ ਵਾਰ ਘੰਟਿਆਂ ਬੱਧੀ ਸੋਚਾਂ ਵਿੱਚ ਪਿਆ ਰਹਿੰਦਾ ਹੈ। ਉਹ ਦੇਖਦਾ ਹੈ ਕਿ ਲੋਕੀ ਏਨੇ ਸਭਯਾ ਹਨ ਕਿ ਜੇ ਉਹ ਕਦੇ ਇਸ ਦੀ ਗੁਲਾਮੀ ਦਾ ਜ਼ਿਕਰ ਕਰਨ ਭੀ ਤਾਂ ਇਸਦੇ ਮੂੰਹ ਪੁਰ ਅਜੇਹਾ ਕਰਨ ਵਿੱਚ ਉਹਨਾਂ ਨੂੰ ਇੱਕ ਕਿਸਮ ਦਾ ਦੁੱਖ ਹੁੰਦਾ ਹੈ। ਜਦੋਂ ਉਹ ਇਸ ਦੀ ਹਾਲਤ ਪੁਰ ਤਰਸ ਜਿਹਾ ਕਰਦੇ ਹਨ ਤਾਂ ਇਹ ਆਪਣੇ ਆਪ ਨੂੰ ਯਤੀਮ ਦੀ ਹਾਲਤ ਵਿੱਚ ਪੌਂਦਾ ਹੈ। ਜਿਹੜਾ ਆਪਣੇ ਦੇਸ ਵਿੱਚ ਆਪਣੇ ਆਪਨੂੰ ਤੀਸ ਮਾਰਖਾਂ ਸਮਝਦਾ ਹੁੰਦਾ ਹੈ। ਆਜ਼ਾਦ ਮੁਲਕ ਵਿੱਚ ਜਾ ਕੇ ਉਸਦੀ ਸ਼ੇਖੀ ਬੜੀ ਛੇਤੀਂ ਕਿਰਕਰੀ ਹੋ ਜਾਂਦੀ ਹੈ। ਏਥੇ ਤੱਕ ਕਿ ਕਈ ਹਿੰਦੁਸਤਾਨੀ ਰੋਜ਼-2 ਦੀ ਸ਼ਰਮ ਤੇ ਘਟਾਉ ਤੋਂ ਬਚਣ ਵਾਸਤੇ ਆਪਣੀ ਹਿੰਦੁਸਤਾਨੀ ਸ਼ੈਹਰੀਅਤ ਨੂੰ ਛਪੌਣ ਦਾ ਯਤਨ ਕਰਦੇ ਹਨ। ਕੋਈ ਆਪਣੇ ਆਪ ਨੂੰ ਈਰਾਨੀ ਦਸਦਾ ਹੈ, ਕੋਈ ਟਰਕੀ ਦਾ ਸ਼ੈਹਰੀ ਦਸਦਾ ਹੈ। ਹਿੰਦੁਸਤਾਨੀ ਅਖਵੌਣਾ ਸ਼ਰਮ ਦਾ ਕਾਰਣ ਭਾਸਣ ਲੱਗ ਪੈਂਦਾ ਹੈ। ਬਸ ਇਨ੍ਹਾਂ ਹਾਲਤਾਂ ਨੂੰ ਦੇਖਕੇ ਅਣਖੀਲੇ ਬੰਦੇ ਦੇ ਦਿਲ ਵਿੱਚ ਇੱਕ ਅਜੀਬ ਕਿਸਮ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ। ਉਹ ਦਿਲ ਹੀ ਦਿਲ ਵਿੱਚ ਇਸ ਨਤੀਜੇ 'ਤੇ ਪੁੱਜਦਾ ਹੈ ਕਿ ਇਹ ਸਭ ਸ਼ਰਮ ਉਸਨੂੰ ਗੁਲਾਮੀ ਦੇ ਸਬੱਬ ਉਠਾਉਣੀ ਪੈਂਦੀ ਹੈ। ਇਸ ਤਰ੍ਹਾਂ ਸਧਾਰਨ ਤੌਰ ਪੁਰ ਹੀ ਦਿਲ ਵਿੱਚ ਇੱਕ ਗੱਠ ਬੱਝ ਜਾਂਦੀ ਹੈ ਤੇ ਆਦਮੀ ਬਿਨਾਂ ਕਿਸੇ ਪ੍ਰਚਾਰ ਜਾਂ ਉਪਦੇਸ਼ ਦੇ ਗੁਲਾਮੀ ਦਾ ਦੁਸ਼ਮਣ ਤੇ ਆਜ਼ਾਦੀ ਦਾ ਆਸ਼ਕ ਬਣ ਜਾਂਦਾ ਹੈ।

ਇਹੀ ਇਸ਼ਕ ਇਸ ਨੂੰ ਸ਼ਰਮ ਤੇ ਨਿਮੂਝਾਣਤਾ ਦੀ ਅਵਸਥਾ ਵਿੱਚ ਢਾਲ ਦੇਂਦਾ ਹੈ। ਇਸ ਦੇ ਆਸਰੇ ਉਹ ਗੁਲਾਮ ਤੇ ਹਕੀਰ ਹੁੰਦਾ ਹੋਇਆ ਵੀ ਉਹ ਜੀਉਣਾ ਪਸੰਦ ਕਰਦਾ ਹੈ।

ਕਿਸੇ ਵੇਲੇ ਉਹ ਆਪਣੇ ਮੁਲਕ ਦੀ ਪੁਰਾਤਨ ਸਮੇਂ ਦੀ ਵਰਾਸਤ ਪੁਰ ਮਾਣ ਕੀਤਾ ਕਰਦਾ ਸੀ। ਪਰ ਹੁਣ ਉਸਨੂੰ ਇਸ ਵਿਰਸੇ ਪੁਰ ਕੋਈ ਫ਼ਖਰ ਨਹੀਂ ਰਹਿੰਦਾ। ਉਹ ਤਾਂ ਉਸ ਨੂੰ ਦਿਲ ਤੋਂ ਭੁੱਲਾ ਦੇਣਾ ਚਾਹੁੰਦਾ ਹੈ ਤੇ ਆਪਣੇ ਦੇਸ਼ ਦੇ ਸ਼ਾਨਦਾਰ ਭਵਿੱਖਤ ਦੇ ਬਨਾਉਣ ਵਾਲੇ ਦੀ ਹੈਸੀਅਤ ਵਿੱਚ ਜੀਣਾ ਚੌਹਦਾ ਹੈ। ਇਸ ਤੋਂ ਪਹਿਲਾਂ ਤਾਂ ਸ਼ੈਦ ਉਸ ਨੇ ਆਪਣੇ ਜੀਵਨ ਦਾ ਕੋਈ ਨਿਸ਼ਾਨਾ ਨਹੀਂ ਸੀ ਬਣਾਇਆ ਪਰ ਹੁਣ ਉਸਦਾ ਨਵਾਂ ਜੀਵਨ ਆਰੰਭ ਹੁੰਦਾ ਹੈ ਤੇ ਉਹ ਫੈਸਲਾ ਕਰ ਲੈਂਦਾ ਹੈ ਕਿ ਜੇ ਜੀਊਂਗਾ ਤਾਂ ਆਪਣੇ ਦੇਸ਼ ਨੂੰ ਆਜ਼ਾਦੀ ਦੀਆਂ ਬਰਕਤਾਂ ਨਾਲ ਸਰਫਰਾਜ਼ ਕਰਨ ਵਾਸਤੇ ਤੇ ਉਸ ਨੂੰ ਬਹਿਸ਼ਤ ਬਣੌਣ ਵਾਸਤੇ।

ਬਾਬਾ ਜਵਾਲਾ ਸਿੰਘ ਜੀ ਨੇ ਇਹ ਸਭ ਕੁਛ ਦੇਖਿਆ ਤੇ ਅਨੁਭਵ ਕੀਤਾ ਸੀ। ਜੋ ਅਸਰ ਬਾਬਾ ਜੀ ਦੇ ਦਿਲ ਪੁਰ ਆਜ਼ਾਦੀ ਦੀ ਹਵਾ ਦਾ ਹੋਇਆ, ਉਹ ਆਪਦੀ ਅਮਲੀ ਜ਼ਿੰਦਗੀ ਤੋਂ ਜ਼ਾਹਰ ਹੈ।

ਅਮਲ ਸ਼ੁਰੂ ਹੋ ਗਿਆ

ਪਹਿਲਾ ਕੰਮ ਜੋ ਬਾਬਾ ਜੀ ਨੇ ਇਹਨਾਂ ਖਿਆਲਾਂ ਦੇ ਅਸਰ ਹੇਠਾਂ ਕੀਤਾ, ਉਹ ਇਹ ਸੀ ਕਿ ਆਪ ਨੇ ਚਾਰ ਵਿਦਿਆਰਥੀ ਹਿੰਦੁਸਤਾਨ ਤੋਂ ਮੰਗਵਾਏ ਤਾਂਕਿ ਉਹਨਾਂ ਨੂੰ ਉਚ ਵਿੱਦਿਆ ਨਾਲ ਸਸ਼ੋਭਤ ਕਰਕੇ ਦੇਸ਼ ਸੇਵਾ ਯੋਗ ਬਣਾਇਆ ਜਾਵੇ। ਇਹ ਵਿਦਿਆਰਥੀ ਅੱਡੋ ਅੱਡ ਸੂਬਿਆਂ ਵਿੱਚੋਂ ਤੇ ਅੱਡੋ ਅੱਡ ਮਜ਼ਹਬਾਂ ਦੇ ਸਨ, ਜਦੋਂ ਕਿਸੇ ਨੇ ਬਾਬਾ ਜੀ ਨੂੰ ਆਖਿਆ ਕਿ ਇੱਕ ਸਿਖ ਦਾ ਪੈਸਾ ਸਿਖਾਂ ਦੀ ਹੀ ਬੇਹਤਰੀ ਉੱਪਰ ਲੱਗਣਾ ਚਾਹੀਦਾ ਹੈ, ਤਾਂ ਆਪ ਨੇ ਫਰਮਾਇਆ ਕਿ ਉਹਨਾਂ ਦੀ ਨਿਗਾਹ ਵਿੱਚ ਸਭ ਹਿੰਦੁਸਤਾਨੀ ਇਨਸਾਨ ਹਨ ਤੇ ਸਾਰਿਆਂ ਨੂੰ ਮਿਲਕੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ।

ਏਹਨਾਂ ਵਿਦਿਯਾਰਥੀਆਂ ਵਾਸਤੇ ਕਰਾਇਆ ਵੀ ਬਾਬਾ ਜੀ ਨੇ ਆਪਣੇ ਪਾਸੋਂ ਭੇਜਿਆ ਸੀ ਤੇ ਵਿਦਿਆ ਪ੍ਰਾਪਤੀ ਵਿੱਚ ਵਿਤੋਂ ਵਧਕੇ ਉਹਨਾਂ ਦੀ ਸਹਾਇਤਾ ਕਰਦੇ ਰਹੇ, ਉਹ ਚਾਰੇ ਬਾਬਾ ਜੀ ਦੀ ਮਿਹਰਬਾਨੀ ਨਾਲ ਉੱਚ ਵਿੱਦਿਆ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਏ ਪਰ ਸ਼ੋਕ ਬਾਬਾ ਜੀ ਦੀ ਮਨਸ਼ਾ ਪੂਰੀ ਨਾ ਹੋਈ। ਉਨ੍ਹਾਂ ਵਿੱਚੋਂ ਇੱਕ ਵੀ ਰਾਜਨੀਤੀ ਦੇ ਅਮਲੀ ਮੈਦਾਨ ਵਿੱਚ ਕੰਮ ਕਰਦਾ ਦਿਖਾਈ ਨਹੀਂ ਦਿੰਦਾ। ਕਹਿੰਦੇ ਹਨ ਕਿ ਬਾਬਾ ਜੀ ਦੇ ਪ੍ਰੇਮ ਨੂੰ ਦੇਖਕੇ ਕੈਲੇਫੋਰਨੀਆ ਵਿੱਚ ਰਹਿਣ ਵਾਲੇ ਹਿੰਦੁਸਤਾਨੀ ਵਿਦਿਯਾਰਥੀ ਛੁੱਟੀਆਂ ਦੇ ਦਿਨਾਂ ਵਿੱਚ ਦੂਰ ਨੇੜਿਓਂ ਆਪਦੇ ਪਾਸ ਆ ਜਾਇਆ ਕਰਦੇ ਸਨ।

ਬਾਬਾ ਵਸਾਖਾ ਸਿੰਘ ਜੀ ਜਿਨ੍ਹਾਂ ਦਾ ਰੈਹਨ-ਸੈਹਨ ਬਾਬਾ ਜਵਾਲਾ ਸਿੰਘ ਜੀ ਦੇ ਨਾਲ ਸੀ, ਦਸਦੇ ਹਨ ਕਿ ਜਦੋਂ ਬਾਬਾ ਜੀ ਗੁਲਾਮੀ ਦੇ ਬਾਰੇ ਗੱਲਾਂ ਬਾਤਾਂ ਕੀਤਾਆ ਕਰਦੇ ਸਨ ਤਾਂ ਪੈਹਲਾਂ ਤਾਂ ਆਪਦੀਆਂ ਅੱਖਾਂ ਚਮਕ ਉਠਦੀਆਂ, ਫਿਰ ਉਨ੍ਹਾਂ ਵਿੱਚ ਹੰਝੂ ਆ ਜਾਇਆ ਕਰਦੇ ਸਨ। ਯਾਨੀ ਦਿਲ ਦਾ ਦਰਦ ਹੰਝੂ ਬਣਕੇ ਵਹਿ ਤੁਰਦਾ ਸੀ। ਦੇਸ ਦਾ ਪਿਆਰ ਦਿਨ ਬਦਿਨ ਕੁਛ ਅਜੇਹਾ ਵਧਦਾ ਗਿਆ, ਕਿ ਦਿਨ ਰਾਤ ਮੁਲਕ ਦੀ ਹਾਲਤ ਪੁਰ ਵਿਚਾਰਾਂ ਕਰਦਿਆਂ ਨੂੰ ਬੀਤਣ ਲੱਗੇ।

ਬਾਬਾ ਵਸਾਖਾ ਸਿੰਘ ਜੀ ਮੁੱਢ ਤੋਂ ਹੀ ਈਸ਼ਵਰ ਭਗਤ ਤੇ ਖੁਦਾ ਤਰਸ ਆਦਮੀ ਸਨ। ਆਪਨੇ ਜਿਨਾਂ ਚਿਰ ਰਸਾਲੇ ਵਿੱਚ ਨੌਕਰੀ ਕੀਤੀ ਉਥੇ ਵੀ ਬਿਨ ਵਜਾਹ ਕਿਸੇ ਨੂੰ ਝੁਕ ਕੇ ਸਲਾਮ ਨਹੀਂ ਕੀਤੀ। ਆਪਦਾ ਕਾਇਦਾ ਸੀ ਕਿ ਦਿਨ ਦਾ ਪਹਿਲਾ ਹਿੱਸਾ ਪ੍ਰਮੇਸ਼ਰ ਭਗਤੀ ਵਿੱਚ ਗੁਜ਼ਾਰਦੇ ਤੇ ਦੋਪੈਹਰ ਤੋਂ ਬਾਦ ਦੁਨਿਆਵੀ ਕਾਰੋਬਾਰ ਵਿੱਚ ਮਗਨ ਰੈਹੰਦੇ। ਪਰ ਬਾਬਾ ਜਵਾਲਾ ਸਿੰਘ ਜੀ ਤਾਂ ਦਿਨ ਰਾਤ ਆਪਣੇ ਦੇਸ਼ ਦੀ ਬਿਗੜੀ ਹੋਈ ਬਨੌਣ ਦੀ ਧੁਨ ਵਿੱਚ ਮਗਨ ਰੈਹਣ ਲੱਗੇ। ਹਰ ਵੇਲੇ ਆਜ਼ਾਦੀ ਦੀ ਚਰਚਾ ਕਰਦੇ ਰੈਂਹਦੇ ਸਨ, ਜਦੋਂ ਕਦੇ ਵੀ ਮਿਲ ਕੇ ਬੈਠਣ ਦਾ ਅਵਸਰ ਮਿਲਦਾ ਤਾਂ ਹੋਰ ਸਭ ਕਿੱਸੇ ਭੁੱਲ ਜਾਂਦੇ। ਬਾਬਾ ਜੀ ਤਾਂ ਆਜ਼ਾਦੀ ਦੇ ਦੀਵਾਨੇ ਬਣ ਚੁੱਕੇ ਸਨ, ਉਹਨਾਂ ਦੇ ਪਾਸ ਇੱਕੋ ਮਜ਼ਮੂਨ ਸੀ। "ਹਿੰਦੁਸਤਾਨ ਦੀ ਆਜ਼ਾਦੀ।"

ਖੇਤ ਵਿੱਚ ਆਜ਼ਾਦੀ ਦੀ ਚਰਚਾ

ਇੱਕ ਦਿਨ ਦਾ ਜ਼ਿਕਰ ਹੈ ਕਿ ਬਾਬਾ ਜਵਾਲਾ ਸਿੰਘ ਜੀ ਤੇ ਬਾਬਾ ਵਿਸਾਖਾ ਸਿੰਘ ਜੀ ਖੇਤ ਵਿੱਚ ਕਮ ਕਰ ਰਹੇ ਸਨ ਕਿ ਬਾ. ਜਵਾਲਾ ਸਿੰਘ ਜੀ ਨੇ ਹਸਬ ਮਾਮੂਲ ਆਪਣੀ ਕਿੱਸਾ ਸ਼ੁਰੂ ਕਰ ਦਿੱਤਾ। ਭੋਲੇ ਭਾਲੇ ਸੰਜੀਦਾ ਲੈਹਜੇ ਵਿੱਚ ਆਪਣੇ ਦੇਸ਼ ਦੀ ਗੁਲਾਮੀ ਤੇ ਦ੍ਰਿਦਰਤਾ ਦਾ ਜ਼ਿਕਰ ਆਰੰਭ ਦਿੱਤਾ। ਪੇਟ ਭਰਕੇ ਖਾਣ ਵਾਸਤੇ ਪ੍ਰਦੇਸ਼ਾਂ ਵਿੱਚ ਧੱਕੇ ਖਾਣ ਦੀ ਵਿਥਿਆ ਕੁਛ ਐਸੇ ਦਰਦ ਭਰੇ ਲਫਜ਼ਾਂ ਵਿੱਚ ਬਿਆਨ ਕੀਤੀ ਕਿ ਬਾ. ਵਸਾਖਾ ਜੀ ਕੰਮ ਛੱਡਕੇ ਆਪਦੀ ਵਲ ਪੂਰਾ ਧਿਆਨ ਦੇ ਕੇ ਸੁਣਨ ਲੱਗੇ। ਦੋਹਾਂ ਨੇ ਕੰਮ ਬੰਦ ਕਰ ਦਿੱਤਾ ਤੇ ਮੁਲਕੀ ਸੇਵਾ ਦੀ ਚਰਚਾ ਵਿੱਚ ਗਲਤਾਨ ਹੋ ਗਏ। ਬਾਬਾ ਜਵਾਲਾ ਸਿੰਘ ਜੀ ਦੀਆਂ ਸਿੱਧੀਆਂ ਸਾਦੀਆਂ ਪਰ ਪੁਰ ਅਰਥ ਗੱਲਾਂ ਦਾ ਬਾਬਾ ਵਸਾਖਾ ਸਿੰਘ ਜੀ ਦੇ ਹਮਦਰਦੀ ਭਰੇ ਦਿਲ ਪੁਰ ਗੈਹਰਾ ਅਸਰ ਹੋਣ ਲੱਗਾ। ਏਥੋਂ ਤੱਕ ਕਿ ਦੇਸ਼ ਭਗਤੀ ਦੇ ਅੰਦਰ ਪ੍ਰਮੇਸ਼ਰ ਭਗਤੀ ਦੀ ਝਲਕ ਔਣ ਲੱਗੀ।

ਸਿੱਖਾਂ ਨੂੰ ਆਪਣੇ ਗੁਰੂਆਂ ਦੇ ਜੀਵਨ ਉੱਪਰ ਬੜਾ ਫ਼ਖਰ ਹੈ, ਤੇ ਉਹ ਹੈ ਵੀ ਬਜਾ, ਹਰ ਇੱਕ ਸੱਚੇ ਸਿੱਖ ਦੇ ਦਿਲ ਪੁਰ ਗੁਰੂ ਗੋਬਿੰਦ ਸਿੰਘ ਜੀ ਦੀ ਤਿਆਗ ਤੇ ਕੁਰਬਾਨੀ ਭਰੀ ਜ਼ਿੰਦਗੀ ਜਾਦੂ ਦਾ ਅਸਰ ਰੱਖਦੀ ਹੈ ਤੇ ਆਪਦੇ ਜੀਵਨ ਦੀ ਰੌਸ਼ਨੀ ਵਿੱਚ ਮੁਲਕੀ ਸੇਵਾ ਦੀ ਲਗਨ ਸਿੱਖ ਦੇ ਦਿਲ ਵਿੱਚ ਸੈਹਜੇ ਹੀ ਪੈਦਾ ਹੋ ਜਾਂਦੀ ਹੈ। ਦਸ਼ਮੇਸ਼ ਜੀ ਨੇ ਖਲਕਤ ਦੀ ਖਿਦਮਤ ਵਿੱਚ ਹੀ ਖੁਦਾ ਦੀ ਖਿਦਮਤ ਸਮਝੀ ਸੀ ਤੇ ਇਸੇ ਅਸੂਲ ਉੱਪਰ ਅਮਲ ਕਰਦੇ ਹੋਏ ਆਪਣਾ ਸਾਰਾ ਖਾਨਦਾਨ ਮੁਲਕ ਦੀ ਕੁਰਬਾਨਗਾਹ ਪੁਰ ਆਹੂਤੀ ਕਰ ਦਿੱਤਾ ਸੀ। ਗੁਰੂ ਸਾਹਿਬਾਨ ਦੀ ਜ਼ਿੰਦਗੀ ਦੀ ਰੌਸ਼ਨੀ ਵਿੱਚ ਕਿਸੇ ਸਿੱਖ ਦਾ ਦੇਸ਼ ਭਗਤੀ ਦਾ ਕਾਇਲ ਹੋ ਜਾਣਾ, ਇਕ ਸੈਹਜ ਹੀ ਸਮਝ ਵਿੱਚ ਆ ਜਾਣ ਵਾਲੀ ਗੱਲ ਹੈ।

ਬਾਬਾ ਜਵਾਲਾ ਸਿੰਘ ਜੀ ਦੀਆਂ ਗੱਲਾਂ ਸੁਣਕੇ ਬਾ. ਵਿਸਾਖਾ ਸਿੰਘ ਜੀ ਨੇ ਆਖਿਆ ਕਿ ਇਸ ਬਾਰੇ ਜੋ ਹੁਕਮ ਗੁਰੂ ਸਾਹਿਬ ਦਾ ਹੋਵੇਗਾ, ਉਸ ਪੁਰ ਸੱਚੇ ਦਿਲ ਨਾਲ ਅਮਲ ਕਰਾਂਗੇ। ਇਹ ਸੁਣਕੇ ਬਾ. ਜਵਾਲਾ ਸਿੰਘ ਜੀ ਬਹੁਤ ਖੁਸ਼ ਹੋਏ ਤੇ

ਆਖਣ ਲੱਗੇ ਕਿ ਇਸ ਕੰਮ ਵਿੱਚ ਗੁਰੂ ਮਹਾਰਾਜ ਜ਼ਰੂਰ ਸਾਨੂੰ ਆਪਣੀ ਅਸ਼ੀਰਬਾਦ ਦੇਣਗੇ।

ਕੈਲੀਫੋਰਨੀਆਂ ਦੇ ਇੱਕ ਖੇਤ ਵਿੱਚ ਕੰਮ ਕਰਨ ਵਾਲੇ ਦੋ ਮਜ਼ਦੂਰਾਂ ਵਿੱਚੋਂ ਇੱਕ ਨੇ ਆਪਣੇ ਦੇਸ਼ ਦੀ ਬਦਹਾਲੀ ਪੁਰ ਟੀਕਾ ਟਿੱਪਣੀ ਕੀਤੀ। ਹਿੰਦੁਸਤਾਨੀ ਗਰੀਬਾਂ ਦੀ ਬੁਰੀ ਹਾਲਤ ਦਾ ਜ਼ਿਕਰ ਕੀਤਾ ਤੇ ਮੁਲਕੀ ਸੇਵਾ ਨੂੰ ਵੀ ਪ੍ਰਮੇਸ਼ਰ ਭਗਤੀ ਦੇ ਤੁਲ ਦੱਸਿਆ ਤਾਂ ਦੂਸਰੇ ਫਰਿਸ਼ਤਾ ਸੀਰਤ ਸਾਥੀ ਨੇ ਸਾਰੀਆਂ ਗੱਲਾਂ ਨੂੰ ਬੜੇ ਗੌਹ ਨਾਲ ਸੁਣਿਆ। ਬਚਨ ਕਰਨ ਵਾਲੇ ਦੀਆਂ ਅੱਖਾਂ ਤੋਂ ਪ੍ਰੇਮ ਤੇ ਚੇਹਰੇ ਤੋਂ ਸੰਜੀਦਗੀ ਟਪਕਦੀ ਸੀ। ਆਪਣੇ ਦੇਸ਼ ਦੀਆਂ ਮੁਸੀਬਤਾਂ ਦਾ ਜ਼ਿਕਰ ਕਰਦੇ ਹੋਏ ਅੱਖਾਂ ਤਰ ਹੋ ਜਾਂਦੀਆਂ ਸਨ। ਐਓਂ ਮਾਲੂਮ ਹੁੰਦਾ ਸੀ ਕਿ ਦਿਲ ਦੇ ਅੰਦਰ ਵਲਵਲਿਆਂ ਦਾ ਤੂਫਾਨ ਉਠ ਰਿਹਾ ਸੀ ਪਰ ਜ਼ਬਾਨ ਦਿਲ ਦੀ ਤਰਜਮਾਨੀ ਕਰਨ ਤੋਂ ਅਸਮਰਥ ਸੀ। ਬਾਬਾ ਜਵਾਲਾ ਸਿੰਘ ਜੀ ਦੀ ਪ੍ਰੇਮ ਲਗਨ ਨੇ ਬਾਬਾ ਵਸਾਖਾ ਸਿੰਘ ਜੀ ਹੋਰਾਂ ਨੂੰ ਵੀ ਆਪਣੇ ਵਰਗਾ ਦੀਵਾਨਾ ਬਣਾ ਲਿਆ।

ਇਹਨਾਂ ਹੀ ਦਿਨਾਂ ਵਿੱਚ ਇੱਕ ਹੋਰ ਲਾਸਾਨੀ ਦੇਸ਼ ਭਗਤ ਨੂੰ ਬਾਬਾ ਜਵਾਲਾ ਸਿੰਘ ਜੀ ਦੀ ਮਿਕਨਾਤੀਸੀ ਤਾਕਤ ਨੇ ਆਪਣੀ ਵਲ ਖਿੱਚ ਲਿਆ ਸੀ। ਭਾਈ ਸੰਤੋਖ ਸਿੰਘ ਜੀ ਇੱਕ ਪੜ੍ਹੇ ਲਿਖੇ ਨੌਜਵਾਨ ਸਨ, ਜਿਨ੍ਹਾਂ ਨੂੰ ਬਾਬਾ ਜੀ ਨੇ ਖਤ ਲਿਖਕੇ ਬੁਲਾਇਆ ਸੀ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਪੁਰ ਆ ਪੁੱਜੇ ਸਨ ਤੇ ਬਾਬਾ ਜੀ ਦੇ ਸ਼ਰਧਾਲੂ ਬਣ ਚੁੱਕੇ ਸਨ। ਇਹ ਉਹ ਭਾਈ ਸਾਹਿਬ ਸਨ ਜੋ ਪੰਜਾਬ ਵਿੱਚ ਕਿਰਤੀ ਲਹਿਰ ਦੇ ਬਾਨੀ ਸਮਝੇ ਜਾਂਦੇ ਹਨ।

ਕਸਮਾਂ ਖਾਣੀਆਂ

ਜਿਸ ਤਰ੍ਹਾਂ ਸਲਾਹ ਕੀਤੀ ਗਈ ਸੀ, ਤਿੰਨੇ ਕੌਮ ਪ੍ਰਸਤ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੇਸ਼ ਹੋਏ ਤੇ ਆਸ਼ੀਰਬਾਦ ਹਾਸਲ ਕੀਤੀ, ਤੇ ਮੁਲਕੀ ਸੇਵਾ ਨੂੰ ਮਜ਼ਹਬ ਦੇ ਲਿਹਾਜ਼ ਨਾਲ ਵੀ ਇੱਕ ਪਵਿੱਤਰ ਕੰਮ ਸਮਝਕੇ ਤਿੰਨਾਂ ਨੇ ਹੀ ਗੁਰੂ ਦੀ ਹਜ਼ੂਰੀ ਵਿੱਚ ਅਰਦਾਸਾ ਸੋਧਿਆ,ਕਿ ਬਸ ਅੱਜ ਤੋਂ ਸਾਡਾ ਤਨ, ਮਨ, ਤੇ ਧੰਨ ਮੁਲਕ ਦਾ ਹੋ ਚੁੱਕਾ, ਅਸੀਂ ਜਿੰਨਾ ਚਿਰ ਜੀਵਾਂਗੇ ਦੇਸ਼ ਦੀ ਸੇਵਾ ਤੋਂ ਕਦੇ ਮੂੰਹ

ਨਾ ਮੋੜਾਂਗੇ। ਬਸ ਇਸ ਦਿਨ ਤੋਂ ਇਹ ਤਿੰਨੇ ਤਿਆਗੀ ਦੇਸ ਦੀ ਅਮਾਨਤ ਬਣ ਗਏ। ਏਸ ਪਵਿੱਤਰ ਇਰਾਦੇ ਨੂੰ ਧਾਰਨ ਦੀ ਖੁਸ਼ੀ ਵਿੱਚ ਇੱਕ ਦੂਸਰੇ ਨੂੰ ਗਲਜਫੜੀ ਹੋ ਕੇ ਮਿਲੇ। ਬਾਬਾ ਜਵਾਲਾ ਸਿੰਘ ਜੀ ਤਾਂ ਖੁਸ਼ੀ ਦੀ ਮਸਤੀ ਵਿੱਚ ਫੂਲੇ ਨਹੀਂ ਸਨ ਸਮਾਂਦੇ। ਅਸੀਂ ਦੇਖ ਰਹੇ ਹਾਂ ਕਿ ਇਹ ਕਸਮਾਂ ਕਿਸ ਈਮਾਨਦਾਰੀ ਨਾਲ ਪੂਰੀਆਂ ਕੀਤੀਆਂ ਗਈਆਂ। ਬਾ. ਜਵਾਲਾ ਸਿੰਘ ਜੀ ਤੇ ਸਾ. ਸੰਤੋਖ ਸਿੰਘ ਜੀ ਨੇ ਆਪਣਾ ਪ੍ਰਣ ਪੂਰਾ ਕਰਕੇ ਦਿਖਾ ਦਿੱਤਾ ਹੈ ਤੇ ਬਾ. ਵਸਾਖਾ ਸਿੰਘ ਜੀ ਦਾ ਜੀਵਨ ਆਪਣੀ ਮਿਸਾਲ ਆਪ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਪੁਰ ਸਭ ਹਿੰਦੁਸਤਾਨੀ ਦੂਰੋਂ ਨੇੜਿਉਂ ਬਾਬਾ ਜੀ ਪਾਸ ਇਕੱਠੇ ਹੋ ਗਏ ਸਨ। ਇਹਨਾਂ ਵਿੱਚ ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਸਨ। ਕੈਲੀਫੋਰਨੀਆਂ ਵਿੱਚ ਹਿੰਦੁਸਤਾਨੀ ਪਹਿਲੀ ਵਾਰ ਇਸ ਤਰ੍ਹਾਂ ਕੱਠੇ ਹੋਏ ਸਨ ਤੇ ਏਹ ਸਾਰਾ ਬਾ. ਜਵਾਲਾ ਸਿੰਘ ਜੀ ਦਾ ਪ੍ਰਤਾਪ ਸੀ। ਇਸ ਜਲਸੇ ਵਿੱਚ ਸ਼ਾਮਲ ਹੋਣ ਵਾਸਤੇ ਦੂਜੀਆਂ ਰਿਆਸਤਾਂ ਵਿੱਚ ਰਹਿਣ ਵਾਲੇ ਹਿੰਦੁਸਤਾਨੀ ਭੀ ਪੁੱਜੇ ਹੋਏ ਸਨ। ਅਰਥਾਤ ਆਰੇਗਨ ਰਿਆਸਤ ਵਲੋਂ ਬਾਬਾ ਸੋਹਣ ਸਿੰਘ ਜੀ, ਬਾ. ਕੇਸਰ ਸਿੰਘ ਜੀ, ਸ਼ਹੀਦ ਕਰਤਾਰ ਸਿੰਘ ਜੀ ਸਰਾਭਾ, ਸ਼ਹੀਦ ਮਾਸਟਰ ਊਧਮ ਸਿੰਘ ਜੀ, ਸ਼ਹੀਦ ਭਗਤ ਸਿੰਘ ਉਰਫ ਗਾਂਧਾ ਸਿੰਘ, ਸ਼ਹੀਦ ਕਾਂਸ਼ੀ ਰਾਮ, ਸ਼ਹੀਦ ਬਾਬੂ ਹਰਨਾਮ ਸਿੰਘ, ਕਰਤਾਰ ਸਿੰਘ ਲਤਾਲਾ, ਤੇ ਬਾਬੂ ਸੋਹਨ ਲਾਲ ਪੱਟੀ ਆਦਿ। ਜੋ ਵੀ ਹਿੰਦੁਸਤਾਨੀ ਬਾਬਾ ਜਵਾਲਾ ਸਿੰਘ ਜੀ ਦੇ ਕੈਂਪ ਵਿੱਚ ਔਂਦਾ ਸੀ। ਆਪ ਦਾ ਸ਼ਰਧਾਲੂ ਬਣ ਜਾਂਦਾ ਸੀ। ਚੁਨਾਂਚਿ ਅਮਰੀਕਾ ਵਿੱਚ ਹਿੰਦੀਆਂ ਦਾ ਏਹ ਪਹਿਲਾ ਜਲਸਾ ਨਿਹੈਤ ਕਾਮਯਾਬ ਰਿਹਾ।

ਪਹਿਲੇ ਦਿਨ ਦਾ ਜਲਸਾ ਧਾਰਮਕ ਸੀ, ਜਿਸ ਵਿੱਚ ਫੈਸਲਾ ਕੀਤਾ ਗਿਆ, ਕਿ ਸ਼ਹਿਰ ਸਟਾਕਟਨ ਵਿੱਚ ਇੱਕ ਗੁਰਦੁਆਰਾ ਕਾਇਮ ਕੀਤਾ ਜਾਵੇ, ਇਸ ਮਤਲਬ ਲਈ ਚੰਦਾ ਵੀ ਜਮ੍ਹਾਂ ਕੀਤਾ ਗਿਆ, ਗੁਰਦਵਾਰਾ ਸਕੀਮ ਨੂੰ ਸਿਰੇ ਚਾੜ੍ਹਨ ਲਈ ਇੱਕ ਕਮੇਟੀ ਬਣਾਈ ਗਈ, ਜਿਸਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਜੀ, ਤੇ ਖਜਾਨਚੀ ਬਾਬਾ ਵਸਾਖਾ ਸਿੰਘ ਜੀ ਚੁਣੇ ਗਏ, ਸ਼ਹਿਰ ਸਟਾਕਟਨ ਵਿੱਚ ਜਿਹੜਾ ਸ਼ਾਨਦਾਰ ਗੁਰਦਵਾਰਾ ਹੈ, ਉਹ ਏਸੇ ਕਮੇਟੀ ਦੀ ਹਿੰਮਤ ਦਾ ਨਤੀਜਾ ਹੈ, ਇਸ ਤੋਂ

ਪਹਿਲਾਂ ਹਿੰਦੁਸਤਾਨੀਆਂ ਲਈ ਕੋਈ ਅਜੇਹੀ ਥਾਂ ਐਸੀ ਨਹੀਂ ਸੀ, ਜਿੱਥੇ ਆਪਣੇ ਘਰ ਵਾਂਗਰ ਬੈਠ ਸਕੀਦੇ। ਜੇ ਕੋਈ ਹਿੰਦੀ ਬੀਮਾਰ ਪੈ ਜਾਂਦਾ, ਤਾਂ ਬਾਬਾ ਜਵਾਲਾ ਸਿੰਘ ਜੀ ਉਹਨੂੰ ਆਪਣੇ ਘਰ ਚੁੱਕ ਲਿਆਇਆ ਕਰਦੇ ਅਤੇ ਉਸਦੀ ਸੇਵਾ ਕਰਿਆ ਕਰਦੇ, ਸਟਾਕਟਨ ਦਾ ਗੁਰਦਵਾਰਾ ਪ੍ਰਦੇਸਾਂ ਵਿੱਚ ਭਟਕਣ ਵਾਲੇ ਹਿੰਦੀਆਂ ਨੂੰ ਬੜਾ ਆਸਰਾ ਦੇਣ ਲੱਗਾ। ਜਲਸੇ ਦੇ ਦੂਸਰੇ ਦੋਵੇਂ ਦਿਨ ਮੁਲਕੀ ਮਾਮਲਿਆਂ ਤੇ ਵਿਚਾਰ ਕਰਨ ਵਿੱਚ ਖਰਚ ਕੀਤੇ ਗਏ, ਰਾਜਸੀ ਮਾਮਲਿਆਂ ਲਈ ਵੀ ਇੱਕ ਕਮੇਟੀ ਬਣਾਈ ਗਈ, ਜਿਸਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਜੀ ਤੇ ਸਕੱਤਰ ਭਾਈ ਸੰਤੋਖ ਸਿੰਘ ਜੀ ਨੀਯਤ ਹੋਏ। ਬਾਬਾ ਕਰਮ ਸਿੰਘ ਚੀਮਾ ਵੀ ਇਹਨਾਂ ਦਿਨਾਂ ਦੇ ਹੀ ਜੁੱਟੇ ਹੋਏ ਹਨ।

ਹਿੰਦੀਆਂ ਦੀ ਬੇਇਜ਼ਤੀ

ਜਿਹੜੇ ਜਜ਼ਬਾਤ ਬਾਬਾ ਜਵਾਲਾ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਬੇਚੈਨ ਕਰ ਰਹੇ ਸਨ, ਉਹ ਹੋਰਨਾਂ ਰਿਆਸਤਾਂ ਵਿੱਚ ਰਹਿਣ ਵਾਲੇ ਹਿੰਦੀਆਂ ਵਿੱਚ ਵੀ ਮੌਜੂਦ ਸਨ। ਪਰਾਏ ਦੇਸਾਂ ਵਿੱਚ ਰੋਜ਼ੀ ਦੀ ਭਾਲ ਵਿੱਚ ਨਿਕਲੇ ਹੋਏ ਹਿੰਦੀ ਨਿੱਤ ਦਿਹਾੜੀ ਦੀ ਬੇਇੱਜ਼ਤੀ ਤੇ ਵਿਤਕਰੇ ਭਰਿਆ ਸਲੂਕ ਆਦਿ ਹਿੰਦੀਆਂ ਨੂੰ ਆਪਣੇ ਦੇਸ਼ ਦੀ ਗੁਲਾਮੀ ਬੁਰੀ ਤਰ੍ਹਾਂ ਜਿਤਲਾ ਰਿਹਾ ਸੀ। ਹੋਟਲਾਂ ਦੇ ਦਰਵਾਜ਼ਿਆਂ ਉੱਤੇ ਇਹ ਲਿਖਤ ਪੜ੍ਹਕੇ "ਹਿੰਦੀ ਤੇ ਕੁੱਤੇ ਇਥੇ ਅੰਦਰ ਨਹੀਂ ਆ ਸਕਦੇ", ਜਿਹੜੀ ਬਿਜਲੀ ਹਿੰਦੀਆਂ ਦੇ ਦਿਲਾਂ ਤੇ ਪੈਂਦੀ ਹੋਵੇਗੀ, ਇਹਨਾਂ ਨੂੰ ਬਾਬਾ ਜੀ ਤੇ ਆਪਦੇ ਸਾਥੀ ਹੀ ਜਾਣ ਸਕਦੇ ਹਨ। ਇੱਕ ਵਾਰੀ ਲਾਲਾ ਹਰਦਿਆਲ ਜੀ ਇੱਕ ਜਲਸੇ ਵਿੱਚ ਤਕਰੀਰ ਕਰ ਰਹੇ ਸਨ, ਅੰਗਰੇਜ਼ੀ ਹਕੂਮਤ ਉੱਤੇ ਨੁਕਤਾਚੀਨੀ ਅਤੇ ਬਦੇਸ਼ੀ ਰਾਜ ਵਿਰੁੱਧ ਆਪਣੀ ਸ਼ਕੈਤਾਂ ਕਰ ਰਹੇ ਸਨ, ਕਿ ਇਕ ਅੰਗਰੇਜ਼ ਤੀਵੀਂ ਨੇ ਆਪ ਉੱਤੇ ਸਵਾਲ ਕੀਤਾ "ਆਪਦੀ-ਆਬਾਦੀ ਕਿੰਨੀ ਹੈ"? "30 ਕਰੋੜ" ਲਾਲਾ ਜੀ ਨੇ ਉੱਤਰ ਦਿੱਤਾ।

"ਅੰਗਰੇਜ਼ਾਂ ਦੀ ਗਿਣਤੀ ਕਿੰਨੀ ਹੈ?" ਉਸ ਤੀਵੀਂ ਨੇ ਫੇਰ ਪੁੱਛਿਆ।

"ਚਾਰ ਕਰੋੜ" ਲਾਲਾ ਜੀ ਨੇ ਫੇਰ ਜੁਆਬ ਦਿੱਤਾ।

"ਜੇ ਥੋੜੀ ਗਿਣਤੀ ਵਾਲੇ ਬਹੁਸਮਤੀ ਵਾਲੀ ਕੌਮ ਵਿਰੁੱਧ ਸ਼ਕੈਤ ਕਰਨ", ਉਸੇ ਤੀਵੀਂ ਨੇ ਬੜੀ ਦਨਾਈ ਨਾਲ ਕਿਹਾ, "ਤਾਂ ਤੇ ਸਮਝ ਆ ਸਕਦੀ ਹੈ! ਪਰ ਮੈਂ ਹੈਰਾਨ ਹਾਂ, ਕਿ 32 ਕਰੋੜ ਇਨਸਾਨਾਂ ਦੀ ਖਲਕਤ ਇੱਕ ਮੁੱਠ ਕੁ ਕੌਮ ਵਿਰੁੱਧ ਪਾਹਰਿਆ 2 ਕਰ ਰਹੀ ਹੈ। ਜੇ ਹਿੰਦੀ ਆਜ਼ਾਦੀ ਦੇ ਚਾਹਵਾਨ ਹੋਣ ਤਾਂ ਇਹਨਾਂ ਨੂੰ ਕੌਣ ਗੁਲਾਮ ਰੱਖ ਸਕਦਾ ਹੈ?"

ਗਲ ਵੀ ਠੀਕ ਹੈ! ਅਜੇਹੀਆਂ ਘਟਨਾਵਾਂ ਨਾਲ ਹਿੰਦੀਆਂ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਸੀ ਅਤੇ ਦਿਲ ਪੰਘਰ ਆਉਂਦਾ ਸੀ। ਗਲ ਇਹ ਹੈ, ਕਿ ਗੁਲਾਮੀ ਦਾ ਅਨਭਵ ਜੋ ਆਜ਼ਾਦ ਦੇਸ਼ਾਂ ਵਿੱਚ ਜਾਦੇ ਹੁੰਦਾ ਹੈ, ਉਹ ਹਿੰਦੁਸਤਾਨ ਵਿੱਚ ਰਹਿਣ ਵਾਲੇ ਬਹੁਤ ਘੱਟ ਲੋਕਾਂ ਨੂੰ ਹੋ ਸਕਦਾ ਹੈ।

ਕਈ ਵਾਰੀ ਛੋਟੇ-ਛੋਟੇ ਬੱਚੇ ਹਿੰਦੀਆਂ ਸਾਹਮਣੇ ਆਪਣੀ ਕਤਾਬ ਲਿਆ ਰਖਦੇ, ਜੀਹਦੇ ਵਿੱਚ ਸਾਰੇ ਆਜ਼ਾਦ ਦੇਸ਼ਾਂ ਦੇ ਮੁਲਕਾਂ ਦੇ ਝੰਡਿਆਂ ਦੀਆਂ ਤਸਵੀਰਾਂ ਹੁੰਦੀਆਂ ਸਨ। ਉਹ ਹਿੰਦੀਆਂ ਨੂੰ ਪੁੱਛਿਆ ਕਰਦੇ ਕਿ " ਤੁਹਾਡਾ ਝੰਡਾ ਕਿਹੜਾ ਹੈ"?

ਹਿੰਦੀ "ਯੂਨੀਅਨ ਜੈਕ" ਉਤੇ ਉਂਗਲੀ ਰੱਖ ਦਿੰਦੇ।

"ਇਹ ਤਾਂ ਅੰਗਰੇਜ਼ਾਂ ਦਾ ਝੰਡਾ ਹੈ, ਤੁਹਾਡਾ ਕਿਹੜਾ ਹੈ"? ਉਹ ਫੇਰ ਪੁੱਛਦੇ।

ਹੁਣ ਕੋਈ ਝੰਡਾ ਹੁੰਦਾ ਤਾਂ ਦੱਸਦੇ। ਹਿੰਦੀਆਂ ਨੂੰ ਬਚਿਆਂ ਅੱਗੇ ਵੀ ਮੰਨਣਾ ਪੈਂਦਾ ਕਿ "ਸਾਡਾ ਦੇਸ ਗੁਲਾਮ ਹੈ, ਇਸ ਲਈ ਸਾਡਾ ਝੰਡਾ ਜੁਦਾ ਨਹੀਂ"। ਇੱਥੇ ਹੀ ਬਸ ਨਹੀਂ। ਕਈ ਥਾਈਂ ਹਿੰਦੀਆਂ ਉੱਤੇ ਤਸ਼ੱਦਦ ਵੀ ਹੋਇਆ। ਕਈ ਵਾਰੀ ਇਹਨਾਂ ਉੱਤੇ ਹੱਲੇ ਹੋਏ, ਇਹਨਾਂ ਨੂੰ ਲੁਟਿਆ ਗਿਆ ਅਤੇ ਮਾਰਿਆ ਗਿਆ। ਸੇਂਟਜਾਨ ਕਸਬੇ ਵਿੱਚ ਜਿੱਥੇ ਸ਼ਹੀਦ ਕਾਂਸ਼ੀ ਰਾਮ ਅਤੇ ਰਾਮ ਰੱਖਾ ਮਲ ਇੱਕ ਕਾਰਖਾਨੇ ਵਿੱਚ ਕੰਮ ਕਰਦੇ ਸਨ, ਅਮਰੀਕਨ ਲੋਕਾਂ ਦੀ ਘਿਰਨਾਂ ਤਸ਼ਦੱਦ ਵਿੱਚ ਫੁੱਟ ਨਿਕਲੀ। ਉਥੇ ਕੰਮ ਕਰਨ ਵਾਲੇ ਹਿੰਦੀਆਂ ਨੂੰ ਲੁੱਟ ਲਿਆ ਗਿਆ ਅਤੇ ਮਾਰਕੇ ਕਾਰਖਾਨੇ ਚੋਂ ਬਾਹਰ ਕੱਢ ਦਿੱਤਾ ਗਿਆ। ਇਸ ਘਟਨਾਂ ਬਾਰੇ ਬਿਰਿਟਿਸ਼ ਕੌਂਸਲ ਪਾਸ ਸ਼ਕੈਤ ਕੀਤੀ ਗਈ। ਪਰ ਕੋਈ ਸੁਣਾਈ ਨਾ ਹੋਈ। ਐਬਰਟ ਤੇ ਵਿਲਮਿੰਘਮ ਵਿੱਚ ਕੰਮ ਕਰਨ ਵਾਲੇ

ਹਿੰਦੀਆਂ ਨਾਲ ਵੀ ਮਾਰਕੁਟਾਈ ਵਾਲਾ ਸਲੂਕ ਕੀਤਾ ਗਿਆ। ਇਸ ਤੇ ਵਾਧਾ ਇਹ ਕਿ ਉਹਨਾਂ ਦੀਆਂ ਸ਼ਕੈਤਾਂ ਸੁਨਣ ਵਾਲਾ ਕੋਈ ਨਹੀਂ ਸੀ, ਇਸ ਹਾਲਤ ਵਿੱਚ ਹਿੰਦੀਆਂ ਨੇ ਸੋਚਿਆ ਕਿ ਇਹਨਾਂ ਨੂੰ ਆਪਣੀ ਰਾਖੀ ਆਪ ਕਰਨੀ ਚਾਹੀਦੀ ਹੈ। ਇਸ ਲਈ ਉਹ ਉਤੋਤਿੜੀ ਹਮਲਿਆਂ ਦੀਆਂ ਖਬਰਾਂ ਸੁਣ-ਸੁਣ ਆਪਣੀ ਰਾਖੀ ਲਈ ਤਿਆਰ ਹੋ ਬੈਠੇ।

ਇੱਕ ਹੋਰ ਜਗ੍ਹਾ ਪੁਰ ਜਿੱਥੇ ਭਾਈ ਵੀਰ ਸਿੰਘ ਤੇ ਉਹਨਾਂ ਦੇ ਸਾਥੀ ਰੇਲਵੇ ਲਾਈਨ ਉੱਪਰ ਕੰਮ ਕਰ ਰਹੇ ਸਨ ਫਸਾਦੀਆਂ ਨੇ ਏਹਨਾਂ ਪ੍ਰਦੇਸੀਆਂ ਪੁਰ ਦਿਨ ਦਿਹਾੜੇ ਹਮਲਾ ਕਰ ਦਿੱਤਾ। ਪਰ ਚੁਨਾਚਿ ਹਿੰਦੀ ਏਸ ਤਰ੍ਹਾਂ ਦੇ ਤੌਖਲੇ ਨੂੰ ਪਹਿਲਾਂ ਹੀ ਅਨੁਭਵ ਕਰ ਰਹੇ ਸਨ, ਝੱਟ ਪੱਟ ਰੇਲਵੇ ਲਾਈਨ ਦੀ ਆੜ ਲੈ ਕੇ ਬੈਠ ਗਏ ਤੇ ਫਾਇਰ ਖੋਲ ਦਿੱਤਾ। ਅਮਰੀਕਨ ਲੋਕਾਂ ਨੂੰ ਹਿੰਦੁਸਤਾਨੀ ਮਜ਼ਦੂਰਾਂ ਤੋਂ ਏਸ ਕਿਸਮ ਦੀ ਆਸ ਨਹੀਂ ਸੀ। ਇਸ ਲਈ ਭੱਜ ਜਾਣ ਤੋਂ ਸਵਾ ਹੋਰ ਕੋਈ ਚਾਰਾ ਨਾ ਰਿਹਾ। ਨਤੀਜੇ ਦੇ ਤੌਰ ਪੁਰ ਇਸਦੇ ਬਾਦ ਅਮਰੀਕਨ ਲੋਕਾਂ ਨੇ ਆਪਣੇ ਰਵੱਈਏ ਵਿੱਚ ਬਦਲੀ ਕਰ ਲਈ। ਅਜੇਹੇ ਵਾਕਿਆਤ ਟਕੋਮਾ ਤੇ ਸਿਆਟਲ ਵਰਗੇ ਦੂਸਰੇ ਸ਼ੈਹਰੀਂ ਵੀ ਪੇਸ਼ ਆਏ ਸਨ। ਇੱਕ ਜਾਂ ਦੋ ਥਾਵਾਂ ਦੀ ਗੱਲ ਨਹੀਂ, ਅਮਰੀਕਾ ਤੇ ਕੈਨੇਡਾ ਦੇ ਲੋਕੀ ਗੁਲਾਮ ਹਿੰਦੁਸਤਾਨੀਆਂ ਨਾਲ ਇਸੇ ਤਰ੍ਹਾਂ ਪੇਸ਼ ਔਂਦੇ ਸਨ।

(ਇਹਨਾਂ ਹੀ ਦਿਨਾਂ ਵਿਚ ਕੈਨੇਡਾ ਵਿਚ ਵੀ ਹਿੰਦੀਆਂ ਪਰ ਮੁਸੀਬਤਾਂ ਫ਼ਾਈਆਂ ਜਾ ਰਹੀਆਂ ਸਨ। ਗੁਲਾਮੀ ਦਾ ਉਹ ਟਿਕਾ, ਜੋ ਹਿੰਦੀਆਂ ਨੂੰ ਅਮਰੀਕਾ ਵਿਚ ਜ਼ਲੀਲ ਕਰ ਰਿਹਾ ਸੀ। ਕਨੇਡਾ ਵਿਚ ਉਹਨਾਂ ਦੀ ਹੱਤਕ ਕਰਵਾ ਰਿਹਾ ਸੀ। ਭਾਗ ਸਿੰਘ, ਭਾਈ ਮੇਵਾ ਸਿੰਘ ਤੇ ਬਤਨ ਸਿੰਘ ਨੇ ਆਪਣੇ ਦੇਸ਼ ਦੀ ਇੱਜ਼ਤ ਉੱਪਰ ਆਪਣੀਆਂ ਜਾਨਾਂ ਨਿਸ਼ਾਵਰ ਕਰ ਦਿੱਤੀਆਂ ਸਨ। ਮੇਵਾ ਸਿੰਘ ਨੇ ਇਮੀਗਰੇਸ਼ਨ ਮਹਿਕਮੇ ਦੇ ਦੁਭਾਸੀਏ ਹਾਪਕਿਨਸਨ ਨੂੰ ਕਚਹਿਰੀ ਵਿੱਚ ਹੀ ਢੇਰ ਕਰ ਦਿੱਤਾ ਸੀ ਤੇ ਗੱਦਾਰ ਬੇਲਾ ਸਿੰਘ ਜਿਆਨ ਨੇ ਗੁਰਦਵਾਰੇ ਵਿੱਚ ਗੋਲੀ ਚਲਾ ਕੇ ਭਾਗ ਸਿੰਘ ਤੇ ਬਤਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ ਜੋ ਸਲੂਕ ਕਾਮਾਗਾਟਾ ਮਾਰੂ ਜਹਾਜ਼ ਨਾਲ ਵੈਨਕੋਵਰ ਵਿੱਚ ਹੋਇਆ ਉਹ ਕਿਸੇ ਤੋਂ ਗੁੱਝਾ ਨਹੀਂ। ਹਿੰਦੁਸਾਤਨੀ ਹਰ ਥਾਂ ਆਪਣੇ ਮੁਲਕ ਦੀ ਆਬਰੂ ਬਚਾਉਣ ਵਾਸਤੇ ਜਾਨਾਂ ਤਲੀ ਉੱਪਰ ਰੱਖੀ

ਫਿਰਦੇ ਸਨ। ਗੱਲ ਕੀ ਪਰਦੇਸਾਂ ਵਿੱਚ ਗਏ ਹਿੰਦੀਆਂ ਦੀ ਥਾਂ ਪੁਰ ਥਾਂ ਬੇ ਇੱਜ਼ਤੀ ਹੋ ਰਹੀ ਸੀ। ਸ਼ਾਂਤ ਸਾਗਰ ਦੇ ਅਮਰੀਕਨ ਕੰਢੇ ਉੱਤੇ ਰੋਜ਼ਗਾਰ ਦੀ ਭਾਲ ਵਿੱਚ ਰੁੱਝੇ ਹੋਏ ਹਿੰਦੀਆਂ ਨੂੰ ਜ਼ਲੀਲ ਕੀਤਾ ਜਾ ਰਿਹਾ ਸੀ। ਇਸਦਾ ਸਿੱਟਾ ਇਹ ਹੋਇਆ ਕਿ ਬਸੰਤ ਰੁੱਤ ਦੇ ਆਉਣ ਵਾਂਗ ਅਮਰੀਕਾ ਵਿੱਚ ਰਹਿਣ ਵਾਲੇ ਹਿੰਦੀਆਂ ਵਿੱਚ ਕੌਮੀਅਤ ਦੀ ਲਹਿਰ ਠਾਠਾਂ ਮਾਰਨ ਲੱਗ ਪਈ ਅਤੇ ਉਹਨਾਂ ਦੇ ਦਿਲ ਵਿੱਚ ਗੈਰਤ ਅਤੇ ਆਜ਼ਾਦੀ ਦੇ ਵਲਵਲੇ ਚੁਟਕੀਆਂ ਲੈਣ ਲੱਗ ਪਏ।

ਜਥੇਬੰਦੀ ਵਲ

ਇਹਨਾਂ ਹਾਲਤਾਂ ਵਿੱਚ ਜਦ ਕਿ ਹਰ ਹਿੰਦੀ ਦੇ ਦਿਲ ਵਿੱਚ ਆਜ਼ਾਦੀ ਦਾ ਜਜ਼ਬਾ ਪੈਦਾ ਹੋ ਚੁੱਕਾ ਸੀ, ਉਹ ਕਿਸੇ ਜਥੇਬੰਦੀ ਦੀ ਅਨਹੋਂਦ ਕਾਰਨ ਆਪਣੇ-ਆਪਣੇ ਦਿਲਾਂ ਵਿੱਚ ਇੱਕ ਦੂਜੇ ਤੋਂ ਦੂਰ ਬੈਠੇ ਵਿੱਚੇ ਵਿੱਚ ਕੁੜ੍ਹਕੇ ਰਹਿ ਜਾਂਦੇ ਸਨ। ਪਰ ਹੁਣ ਵੇਲਾ ਆ ਗਿਆ ਸੀ ਕਿ ਜਾਂ ਤਾਂ ਅਮਰੀਕਾ ਵਿੱਚ ਰਹਿਣ ਵਾਲੇ ਹਿੰਦੀ ਆਪਣੀ ਰਾਖੀ ਲਈ ਜਥੇਬੰਦੀ ਕਰਨ, ਜਾਂ ਅਮਰੀਕਾ ਤੇ ਕੈਨੇਡਾ ਨੂੰ ਛੱਡਣ ਅਤੇ ਹਿੰਦੁਸਤਾਨ ਨੂੰ ਵਾਪਸ ਆ ਜਾਣ। ਚੁਪ ਕੀਤਿਆਂ ਵਾਪਸ ਆ ਜਾਣ ਨਾਲ ਮਾਲੀ ਨੁਕਸਾਨ ਤੋਂ ਛੁੱਟ ਜਿਹੜਾ ਅਲਜ਼ਾਮ ਕੌਮੀ ਬੇ ਇੱਜ਼ਤੀ ਅਤੇ ਬੁਜ਼ਦਿਲੀ ਦਾ ਲਗਣਾ ਸੀ ਉਹ ਵੀ ਨਾ ਸਹਾਰਨ ਯੋਗ ਸੀ ਅਤੇ ਹਿੰਦੀ ਇਸ ਉਤੇ ਸਹਿਮਤ ਨਹੀਂ ਹੋ ਸਕਦੇ ਸੀ ਇਸ ਲਈ ਜ਼ਮੀਰ ਨੇ ਫੈਸਲਾ ਦਿੱਤਾ ਕਿ ਕਾਇਰਾਂ ਵਾਂਗ ਭੱਜਣ ਦੀ ਥਾਂ ਉੱਥੇ ਰਹਿਕੇ ਹੀ ਮੁਸੀਬਤਾਂ ਦਾ ਮਰਦਾਂ ਵਾਂਗ ਮੁਕਾਬਲਾ ਕੀਤਾ ਜਾਵੇ। ਇਸ ਲਈ ਕੈਲੇਫੋਰਨੀਆਂ, ਔਰੇਗਨ ਅਤੇ ਹੋਰ ਰਿਆਸਤਾਂ ਵਿੱਚ ਹਿੰਦੀ ਥਾਂ ਪੁਰ ਥਾਂ ਇੱਕ ਦਮ ਹੀ ਜਥੇਬੰਦੀ ਵਿੱਚ ਲੱਗ ਗਏ।

ਰਿਆਸਤ ਔਰੇਗਨ ਵਿੱਚ ਪੰਡਤ ਕਾਂਸ਼ੀ ਰਾਮ, ਬਾਬਾ ਕੇਸਰ ਸਿੰਘ, ਬਾਬਾ ਈਸ਼ਰ ਸਿੰਘ ਮਰਹਾਣਾ, ਸ਼ਹੀਦ ਭਗਤ ਸਿੰਘ ਉਰਫ ਗਾਂਧਾ ਸਿੰਘ, ਬਾਬਾ ਸੋਹਣ ਸਿੰਘ, ਸ਼ਹੀਦ ਮਾਸਟਰ ਊਧਮ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਕਈ ਹੋਰ ਸਾਥੀਆਂ ਨੇ ਉੱਪਰ ਦਸੇ ਹਾਲ ਤੇ ਘਟਨਾਵਾਂ ਦੇ ਅਸਰ ਹੇਠ ਆਪਣੀ ਮੰਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਆਪ ਨੂੰ ਹਰਕਤ ਵਿੱਚ ਲਿਆਂਦਾ ਅਤੇ ਕੈਲੇਫੋਰਨੀਆਂ

ਦੇ ਹਿੰਦੀਆਂ ਨਾਲ ਇਸ ਮਸਲੇ ਤੇ ਖਤ-ਪੱਤਰ ਸ਼ੁਰੂ ਕਰ ਦਿੱਤਾ, ਕਿਉਂਕਿ ਦੋਵੇਂ ਰਿਆਸਤਾਂ ਵਿੱਚ ਜਥੇਬੰਦੀ ਬਾਰੇ ਬਰੋ-ਬਰਾਬਰ ਕੰਮ ਸ਼ੁਰੂ ਹੋ ਚੁੱਕਾ ਸੀ। ਇੱਕ ਸਾਂਝੀ ਜਥੇਬੰਦੀ ਲਈ ਮੌਕਾ ਤੇ ਸਾਮਾਨ ਪੈਦਾ ਹੋ ਚੁੱਕੇ ਸਨ। ਔਰੇਗਨ ਦੇ ਹਿੰਦੀਆਂ ਨੇ ਲਾਲਾ ਹਰਦਿਆਲ ਨੂੰ ਕੈਲੇਫੋਰਨੀਆਂ ਤੋਂ ਆਪਣੇ ਪਾਸ ਮੰਗਵਾ ਲਿਆ ਅਤੇ ਸਲਾਹ-ਸਲੂਹ ਕਰਨ ਤੋਂ ਬਾਦ ਫੈਸਲਾ ਹੋਇਆ ਕਿ ਸਭ ਹਿੰਦੀ ਇੱਕ ਜਥੇਬੰਦੀ ਵਿੱਚ ਪਰੋਤੇ ਜਾਣ। ਚੁਨਾਚਿ ਇੱਕ ਸਭਾ ਕਾਇਮ ਕੀਤੀ ਗਈ ਜਿਸਦਾ ਨਾਮ "ਹਿੰਦੀ ਐਸੋਸੀਏਸ਼ਨ" ਰਖਿਆ ਗਿਆ, ਜਿਹੜੀ ਬਾਦਾਂ ਗ਼ਦਰ ਪਾਰਟੀ ਵਿੱਚ ਹੀ ਸਮਾਂ ਗਈ। ਇਸ ਐਸੋਸੀਏਸ਼ਨ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਜੀ, ਸਕੱਤਰ ਲਾਲਾ ਹਰਦਿਆਲ, ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਜੀ ਅਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਨੀਯਤ ਹੋਏ। ਬਾਬਾ ਜਵਾਲਾ ਸਿੰਘ ਜੀ ਕੈਲੇਫੋਰਨੀਆਂ ਸੈਕਸ਼ਨ ਦੇ ਪ੍ਰਧਾਨ ਨੀਯਤ ਕੀਤੇ ਗਏ।

ਤਮਾਮ ਹਿੰਦੀ ਇਸ ਸਭਾ ਦੇ ਮੈਂਬਰ ਬਣ ਗਏ। ਕਈਆਂ ਸਾਥੀਆਂ ਨੇ ਆਪਣੀਆਂ ਜ਼ਿੰਦਗੀਆਂ ਤੱਕ ਸੋਸਾਇਟੀ ਦੀ ਸੇਵਾ ਲਈ ਪੇਸ਼ ਕਰ ਦਿੱਤੀਆਂ ਅਤੇ ਦਿਲ ਖੋਲਕੇ ਚੰਦਾ ਦਿੱਤਾ। ਜਿਸ ਨਾਲ ਕਾਫੀ ਰੁਪਇਆ ਇੱਕ ਦਮ ਜਮਾ ਹੋ ਗਿਆ ਅਤੇ ਇੱਕ ਮਜ਼ਬੂਤ ਜਥੇਬੰਦੀ ਦੀ ਨੀਂਹ ਰੱਖ ਦਿੱਤੀ ਗਈ। ਇੱਕ ਅਖਬਾਰ ਕੱਢਣਾ ਵੀ ਜ਼ਰੂਰੀ ਸਮਝਿਆ ਗਿਆ। ਇਸ ਲਈ 'ਗ਼ਦਰ' ਅਖਬਾਰ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ। ਪਾਸ ਹੋਇਆ ਕਿ ਸੋਸਾਇਟੀ ਦਾ ਸੈਂਟਰ ਕੈਲੇਫੋਰਨੀਆਂ ਵਿੱਚ ਸਾਨਫਰਾਂਸਿਸਕੋ ਵਿੱਚ ਰੱਖਿਆ ਜਾਵੇ। ਕਿਉਂਕਿ ਇਸ ਰਿਆਸਤ ਵਿੱਚ ਹਿੰਦੀਆਂ ਦੀ ਸਭ ਤੋਂ ਜ਼ਿਆਦਾ ਗਿਣਤੀ ਸੀ ਅਤੇ ਸਾਨਫਰਾਂਸਿਸਕੋ ਦਾ ਸ਼ਹਿਰ ਇੱਕ ਮਸ਼ਹੂਰ ਬੰਦਰਗਾਹ ਹੋਣ ਕਰਕੇ ਬਹੁਤ ਵਧੀਆ ਥਾਂ ਸੀ। ਸੋਸਾਇਟੀ ਦੇ ਦਫਤਰ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਗਿਆ ਅਤੇ ਇੱਕ ਪ੍ਰੈਸ ਖਰੀਦ ਕੇ ਇਸ ਦਾ ਨਾਂ ਗ਼ਦਰ ਪ੍ਰੈਸ ਰੱਖਿਆ ਗਿਆ। ਗ਼ਦਰ ਅਖਬਾਰ ਦੀ ਅਡੀਟਰੀ ਮਸ਼ਹੂਰ ਦੇਸ਼ ਭਗਤ ਲਾਲਾ ਹਰਦਿਆਲ ਨੂੰ ਸੌਂਪੀ ਗਈ। ਇਦਾਂ ਕੈਲੇਫੋਰਨੀਆਂ ਤੇ ਔਰੇਗਨ ਰਿਆਸਤਾਂ ਵਿੱਚ ਰਹਿਣ ਵਾਲੇ ਹਿੰਦੀਆਂ ਦੀ ਜਾਗਰਤਾ ਨਾਲ ਇੱਕ ਜਥੇਬੰਦੀ ਦੀ ਬੁਨਿਆਦ ਰੱਖੀ ਗਈ, ਜਿਹੜੀ ਬਾਦਾਂ ਗ਼ਦਰ ਪਾਰਟੀ ਦੇ ਨਾਂ ਨਾਲ ਸੱਦੀ ਜਾਣ ਲੱਗੀ ਅਤੇ ਗ਼ਦਰ

ਅਖਬਾਰ ਦਾ ਪਹਿਲਾ ਪਰਚਾ ਪਹਿਲੀ ਨਵੰਬਰ 1913 ਨੂੰ ਸਾਨਫਰਾਂਸਿਸਕੋ ਤੋਂ ਪ੍ਰਕਾਸ਼ਤ ਕੀਤਾ ਗਿਆ।

ਗ਼ਦਰ ਪਾਰਟੀ ਦੀ ਸਥਾਪਨਾ

ਕੰਮ ਦੀ ਸਕੀਮ ਤਿਆਰ ਹੋ ਚੁੱਕੀ ਸੀ, ਹੁਣ ਅਮਰੀਕਾ ਵਿੱਚ ਰਹਿਣ ਵਾਲੇ ਸਭ ਹਿੰਦੀਆਂ ਦੀ ਮਨਜ਼ੂਰੀ ਲੈਣੀ ਬਾਕੀ ਸੀ। ਇਸ ਗਰਜ਼ ਲਈ 1914 ਦੇ ਫਰਵਰੀ ਮਹੀਨੇ ਵਿੱਚ ਬਾਬਾ ਜਵਾਲਾ ਸਿੰਘ ਦੀਂ ਪ੍ਰਧਾਨਗੀ ਹੇਠ ਸ਼ਹਿਰ ਸਟਾਕਟਨ ਵਿੱਚ ਇੱਕ ਜਲਸਾ ਰੱਖਿਆ ਗਿਆ। ਇਸ ਜਲਸੇ ਵਿੱਚ ਬਾਬਾ ਸੋਹਣ ਸਿੰਘ ਜੀ ਭਕਨਾ, ਬਾਬਾ ਕੇਸਰ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਤਾਰਕਨਾਥ ਦਾਸ (ਬੰਗਾਲੀ), ਕਾਮਰੇਡ ਪ੍ਰਿਥਵੀ ਸਿੰਘ, ਬਾਬਾ ਕਰਮ ਸਿੰਘ ਚੀਮਾ, ਬਾਬਾ ਵਸਾਖਾ ਸਿੰਘ, ਭਾਈ ਸੰਤੋਖ ਸਿੰਘ, ਪੰਡਤ ਜਗਤ ਰਾਮ ਹਰਿਆਣਾ, ਦਲੀਪ ਸਿੰਘ ਫਾਲਾ, ਪੂਰਨ ਸਿੰਘ ਜੰਡਿਆਲਾ, ਨਿਰੰਜਨ ਸਿੰਘ ਪੰਡੋਰੀ, ਕਰਮ ਸਿੰਘ ਧੂਤ, ਨਿਧਾਨ ਸਿੰਘ ਮਹੇਸਰੀ, ਬਾਬਾ ਨਿਧਾਨ ਸਿੰਘ ਚੁਘਾ, ਬਾਬਾ ਅਰੂੜ ਸਿੰਘ ਐਮ.ਐਲ.ਏ. ਅਤੇ ਹੋਰ ਸਭ ਕੌਮ ਪੂਜ ਹਿੰਦੀ ਸ਼ਾਮਲ ਹੋਏ। ਜਲਸੇ ਵਿੱਚ ਉੱਪਰ ਲਿਖੀਆਂ ਤਜਵੀਜ਼ਾਂ ਦੀ ਤਾਈਦ ਕੀਤੀ ਗਈ ਅਤੇ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਮਜ਼ਬੂਤ ਕਰਨ ਲਈ ਇੱਕ ਠੋਸ ਨਿੱਗਰ ਪ੍ਰੋਗਰਾਮ ਬਣਾਇਆ ਗਿਆ। ਅਮਰੀਕਾ ਵਿੱਚ ਹਿੰਦੀਆਂ ਦਾ ਇਹ ਜਲਸਾ ਇੱਕ ਅਦੁਤੀ ਜਲਸਾ ਸੀ। ਜਿਸ ਵਿੱਚ ਹਿੰਦੂ, ਸਿੱਖ, ਮੁਸਲਮਾਨ ਦੂਰੋਂ ਨੇੜਿਓਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਏ। ਫੈਸਲੇ ਮੁਜ਼ਬ ਅਖਬਾਰ ਅਤੇ ਪ੍ਰੈਸ ਵਿੱਚ ਕੰਮ ਕਰਨ ਵਾਲੇ ਸਾਨਫਰਾਂਸਿਸਕੋ ਚਲ ਗਏ, ਬਾਬਾ ਸੋਹਣ ਸਿੰਘ ਤੇ ਬਾਬਾ ਕੇਸਰ ਸਿੰਘ ਕੈਲੇਫੋਰਨੀਆਂ ਵਿੱਚ ਜਥੇਬੰਦੀ ਦਾ ਕੰਮ ਕਰਨ ਲਈ ਦੌਰੇ ਉਪਰ ਚਲੇ ਗਏ। ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਆਪਦੇ ਨਾਲ ਸਨ। ਦੌਰਾ ਕਰਨ ਵਾਲੇ ਇਸ ਜਥੇ ਦੇ ਦੋ ਸੈਂਟਰ ਸਨ, ਜਿੱਥੇ ਉਹ ਕੰਮ ਕਰਨ ਤੋਂ ਬਾਦ ਆਰਾਮ ਕਰਨ ਲਈ ਠਹਿਰਿਆ ਕਰਦੇ ਸਨ। ਬਾਬਾ ਜਵਾਲਾ ਸਿੰਘ ਤੇ ਬਾਬਾ ਵਸਾਖਾ ਸਿੰਘ ਦਾ ਘਰ ਅਤੇ ਜਰਸੀ ਸ਼ਹਿਰ ਵਿੱਚ ਬਾਬਾ ਕਰਮ ਸਿੰਘ ਚੀਮੇ ਦਾ ਕੈਂਪ।

ਇਸਤੋਂ ਛੇਤੀ ਹੀ ਬਾਦ ਇੱਕ ਰਾਜਸੀ ਜਲਸਾ ਰਿਆਸਤ ਦੀ ਰਾਜਧਾਨੀ

ਸੈਕਰਾਮੈਂਟੋ ਵਿੱਚ ਹੋਇਆ, ਜਿਸ ਵਿੱਚ ਸ਼ਹੀਦ ਰਾਮ ਸਿੰਘ ਧਲੇਤਾ, ਭਾਗ ਸਿੰਘ ਕੈਨੇਡੀਅਨ, ਲਾਲ ਸਿੰਘ ਜੰਡਿਆਲਾ, ਮੌਲਵੀ ਬਰਕਤ ਉੱਲਾ ਅਤੇ ਭਾਈ ਭਗਵਾਨ ਸਿੰਘ ਵੀ ਸ਼ਾਮਲ ਹੋਏ। ਅਜਿਹਾ ਹੀ ਇੱਕ ਜਲਸਾ ਫਰੈਜ਼ਨੋ ਸ਼ਹਿਰ ਵਿੱਚ ਵੀ ਕੀਤਾ ਗਿਆ। ਇਹ ਜਲਸੇ ਬੜੇ ਕਾਮਯਾਬ ਰਹੇ। ਪਾਰਟੀ ਲਈ ਫੰਡ ਦੀ ਅਪੀਲ ਕਰਨ ਉੱਤੇ ਲੋਕ ਆਪਣੀਆਂ ਬੈਂਕਾਂ ਦੀਆਂ ਕਿਤਾਬਾਂ ਅਤੇ ਰਜਿਸਟਰੀਆਂ ਤੱਕ ਪਾਰਟੀ ਦੇ ਹਵਾਲੇ ਕਰ ਦਿੰਦੇ ਸਨ। ਇਦਾਂ ਪਾਰਟੀ ਦਾ ਸੁਨੇਹਾ ਹਰ ਇੱਕ ਹਿੰਦੀ ਦੇ ਕੰਨਾਂ ਤੱਕ ਪਹੁੰਚਾ ਦਿੱਤਾ ਗਿਆ। ਭਾਈ ਹਜ਼ਾਰਾ ਸਿੰਘ, ਬਿਸ਼ਨ ਸਿੰਘ, ਵਸਾਖਾ ਸਿੰਘ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ ਅਤੇ ਭਾਈ ਨੌਧ ਸਿੰਘ ਪਠਾਣਕੇ ਜ਼ਿਲਾ ਅੰਮ੍ਰਿਤਸਰ, ਜਿਹੜੇ ਬਾਬਾ ਜਵਾਲਾ ਸਿੰਘ ਨਾਲ ਖੇਤੀ ਬਾੜੀ ਦਾ ਕੰਮ ਕਰਦੇ ਸਨ, ਮੁਲਕੀ ਕੰਮਾਂ ਵਿੱਚ ਹਿੱਸਾ ਲੈਣ ਲੱਗੇ।

ਹੁਣ ਸੋਸਾਇਟੀ ਦਾ ਕੰਮ ਬਾਕਾਇਦਾ ਚੱਲਣ ਲੱਗਾ। ਸਾਥੀਆਂ ਨੇ ਥਾਂ ਪੁਰ ਥਾਂ ਆਪਣੇ ਫਰਜ਼ਾਂ ਨੂੰ ਬੜਾ ਮਨ ਮਾਰਕੇ ਨਜਿੱਠਣਾ ਸ਼ੁਰੂ ਕੀਤਾ ਅਤੇ ਥੋੜੇ ਚਿਰ ਵਿੱਚ ਹੀ ਗ਼ਦਰ ਪਾਰਟੀ ਦੀਆਂ ਸ਼ਾਖਾਂ ਕੈਨੇਡਾ, ਪਾਨਾਮਾ, ਚੀਨ ਅਤੇ ਹੋਰਨਾਂ ਮੁਲਕਾਂ ਵਿੱਚ ਫੈਲ ਗਈਆਂ।

ਗ਼ਦਰ ਪਾਰਟੀ ਦਾ ਆਦਰਸ਼ ਸੀ, ਆਜ਼ਾਦੀ ਅਤੇ ਸਮਾਨਤਾ। ਇਸ ਪਾਰਟੀ ਵਿੱਚ ਸਭ ਹਿੰਦੀ ਬਗੈਰ ਕਿਸੇ ਮਜ਼ਹਬੀ ਜਾਂ ਸੰਪਰਦਾਈ ਵੰਡ ਦੇ ਸ਼ਾਮਲ ਹੋ ਸਕਦੇ ਸਨ। ਗ਼ਦਰ ਪਾਰਟੀ ਦੇ ਸਪਾਹੀ ਆਪਸ ਵਿੱਚ ਕੇਵਲ ਕੌਮੀ ਰਿਸ਼ਤੇ ਨਾਲ ਪ੍ਰੋਤੇ ਹੋਏ ਸਨ। ਕਿਸੇ ਪੁਰਸ਼ ਦੇ ਮਜ਼ਹਬ ਨਾਲ ਕੋਈ ਬਹਿਸ ਨਹੀਂ ਸੀ। ਪਾਰਟੀ ਅੰਦਰ ਮਜ਼ਹਬੀ ਬਹਿਸ ਦੀ ਆਗਿਆ ਨਹੀਂ ਸੀ।

ਹਰ ਹਿੰਦੀ ਇੱਕ ਹਿੰਦੁਸਤਾਨੀ ਦੀ ਹੈਸੀਅਤ ਵਿੱਚ ਅਤੇ ਹਰ ਇਨਸਾਨ ਇੱਕ ਇਨਸਾਨ ਦੀ ਹੈਸੀਅਤ ਵਿੱਚ ਇਸਦਾ ਮੈਂਬਰ ਬਣ ਸਕਦਾ ਸੀ। ਪ੍ਰਾਈਵੇਟ ਜ਼ਿੰਦਗੀ ਵਿੱਚ ਹਰ ਮੈਂਬਰ ਨੂੰ ਪੂਰੀ ਆਜ਼ਾਦੀ ਸੀ। ਇਸ ਪਾਰਟੀ ਦਾ ਇੱਕ ਖਾਸ ਅਸੂਲ ਇਹ ਵੀ ਸੀ, ਕਿ ਜਿੱਥੇ ਕਿਥੇ ਵੀ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਗੁਲਾਮੀ ਵਿਰੁੱਧ ਜੰਗ ਹੋਵੇ, ਗ਼ਦਰ ਪਾਰਟੀ ਦਾ ਸਪਾਹੀ ਆਪਣੇ ਆਪ ਨੂੰ ਆਜ਼ਾਦੀ ਅਤੇ ਬਰਾਬਰੀ ਦੇ ਅਸੂਲਾਂ ਦੀ ਰਾਖੀ ਲਈ ਪੇਸ਼ ਕਰੇ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੀ

ਜੰਗ ਵਿੱਚ ਆਪਣਾ ਤਨ ਮਨ ਅਤੇ ਧਨ ਅਰਪਣ ਕਰੇ। ਹਿੰਦੁਸਤਾਨ ਵਿੱਚ ਆਜ਼ਾਦ ਜਮਹੂਰੀਅਤ ਕੈਮ ਕਰਨਾ ਇਸ ਪਾਰਟੀ ਦਾ ਮਕਸਦ ਸੀ।

1914 ਦੇ ਮਾਰਚ ਮਹੀਨੇ ਵਿੱਚ ਲਾਲਾ ਹਰਦਿਆਲ ਉੱਤੇ ਹਕੂਮਤ ਅਮਰੀਕਾ ਨੇ ਮੁਕੱਦਮਾ ਚਲਾ ਦਿੱਤਾ। ਆਪਨੂੰ ਇੱਕ ਹਜ਼ਾਰ ਡਾਲਰ ਦੀ ਜ਼ਮਾਨਤ ਉੱਤੇ ਰਿਹਾ ਕਰਵਾਇਆ ਗਿਆ ਅਤੇ ਸਲਾਹ ਇਹ ਹੋਈ ਕਿ ਆਪ ਅਮਰੀਕਾ ਛਡਕੇ ਸਵਿਟਜ਼ਰਲੈਂਡ ਚਲੇ ਜਾਣ। ਲਾਲਾ ਜੀ ਦੇ ਚਲੇ ਜਾਣ ਬਾਦ ਬਾਬਾ ਸੋਹਣ ਸਿੰਘ ਜੀ ਪ੍ਰਧਾਨ ਅਤੇ ਭਾਈ ਸੰਤੋਖ ਸਿੰਘ ਜੀ ਜਨਰਲ ਸਕੱਤਰ ਬਣਕੇ ਗ਼ਦਰ ਪਾਰਟੀ ਦੇ ਆਸ਼ਰਮ ਵਿੱਚ ਰਹਿਣ ਲੱਗੇ ਅਤੇ ਕਰਤਾਰ ਸਿੰਘ ਸਰਾਭਾ, ਪ੍ਰਿਥਵੀ ਸਿੰਘ, ਪੰਡਤ ਜਗਤ ਰਾਮ ਬਾਹਰ ਜਥੇਬੰਦੀ ਦਾ ਕੰਮ ਕਰਨ ਲੱਗੇ।

ਕਾਮਾਗਾਟਾ ਮਾਰੂ

ਇਹਨਾਂ ਹੀ ਦਿਨਾਂ ਵਿੱਚ ਕਾਮਾ ਗਾਟਾ ਮਾਰੂ ਜਹਾਜ਼ ਵੀ ਵੈਨਕੋਵਰ ਪੁੱਜ ਗਿਆ ਸੀ। ਜਿਹਨੂੰ ਹਕੂਮਤ ਕੈਨੇਡਾ ਨੇ ਬੰਦਰਗਾਹ ਤੇ ਲਗਣੋਂ ਰੋਕ ਦਿੱਤਾ। ਇਸ ਉੱਤੇ ਕੈਨੇਡਾ ਨਿਵਾਸੀ ਹਿੰਦੀਆਂ ਦੇ ਜਜ਼ਬਿਆਂ ਨੂੰ ਬੜੀ ਸੱਟ ਵੱਜੀ ਅਤੇ ਹਕੂਮਤ ਕੈਨੇਡਾ ਦੀ ਇਸ ਹਰਕਤ ਵਿਰੁੱਧ ਹਿੰਦੀਆਂ ਵਿੱਚ ਗੁੱਸੇ ਤੇ ਘਿਰਨਾਂ ਦੀ ਲਹਿਰ ਬਿਜਲੀ ਵਾਂਗਰਾਂ ਫਿਰ ਗਈ। ਗਲ ਕੀ ਸ਼ਹੀਦ ਭਾਗ ਸਿੰਘ, ਸਰਦਾਰ ਮੇਵਾ ਸਿੰਘ ਅਤੇ ਬਤਨ ਸਿੰਘ ਜੀ ਦੀਆਂ ਕੀਮਤੀ ਜਾਨਾਂ ਇਸੇ ਐਜੀਟੇਸ਼ਨ ਵਿੱਚ ਹਿੰਦੀਆਂ ਦੇ ਹੱਕਾਂ ਦੀ ਰਾਖੀ ਨਵਿਤ ਭੇਟ ਹੋ ਗਈਆਂ।

ਜੋ ਬੇ ਇਨਸਾਫ ਤੇ ਸਖਤ ਸਲੂਕ ਕਾਮਾ ਗਾਟਾ ਮਾਰੂ ਦੇ ਹਿੰਦੀ ਮੁਸਾਫਰਾਂ ਨਾਲ ਕੈਨੇਡਾ ਦੀ ਹਕੂਮਤ ਨੇ ਅੰਗਰੇਜ਼ੀ ਹਕੂਮਤ ਦੇ ਇਸ਼ਾਰੇ ਉੱਤੇ ਕੀਤਾ, ਉਸਨੇ ਹਰ ਹਿੰਦੁਸਤਾਨੀ ਦਾ ਦਿਲ ਛਾਨਣੀ ਕਰ ਦਿੱਤਾ ਸੀ। ਕੈਨੇਡਾ ਵਾਲੇ ਹਿੰਦੀਆਂ ਨੇ ਇਸ ਕੌਮੀ ਬੇ ਇੱਜ਼ਤੀ ਨੂੰ ਬੁਰੀ ਤਰ੍ਹਾਂ ਮਹਿਸੂਸ ਕੀਤਾ।

23 ਜੁਲਾਈ 1914 ਨੂੰ ਕਾਮਾ ਗਾਟਾ ਮਾਰੂ ਵੈਨਕੋਵਰ ਤੋਂ ਚਲਿਆ ਅਤੇ ਉਸਨੇ ਹਿੰਦੁਸਤਾਨ ਦਾ ਰਾਹ ਫੜਿਆ। ਇਹਨਾਂ ਹੀ ਦਿਨਾਂ ਵਿੱਚ ਯੂਰਪ ਵਿੱਚ ਲਾਮ ਲਗ ਪਈ। ਇਹਨਾਂ ਹਾਲਤਾਂ ਵਿੱਚ ਹੀ ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਪਾਰਟੀ

ਦਾ ਇੱਕ ਖਾਸ ਮੈਂਬਰ ਜਾਪਾਨ ਦੇ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਨਾਲ ਮੁਲਾਕਾਤ ਕਰੇ ਅਤੇ ਸਭ ਹਾਲਾਤ ਤੋਂ ਪਾਰਟੀ ਨੂੰ ਜਾਣੂ ਕਰੇ। ਇਸ ਲਈ ਬਾਬਾ ਸੋਹਣ ਸਿੰਘ ਜੀ ਨੂੰ ਇਸ ਕੰਮ ਉੱਤੇ ਘਲਿਆ ਗਿਆ। ਬਾਬਾ ਜੀ ਫੌਰਨ ਜਾਪਾਨ ਚਲ ਪਏ ਅਤੇ ਯੋਕੋਹਾਮਾ ਵਿੱਚ ਹਿੰਦੀ ਮੁਸਾਫਰਾਂ ਨੂੰ ਆ ਮਿਲੇ।

ਬਾਬਾ ਸੋਹਣ ਸਿੰਘ ਜੀ ਅਜੇ ਯੋਕੋਹਾਮਾ ਵਿੱਚ ਹੀ ਬਿਰਾਜ ਰਹੇ ਸਨ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਵੀ ਇਥੇ ਪੁੱਜ ਗਏ ਅਤੇ ਇਹ ਖਬਰ ਲਿਆਂਦੀ ਕਿ ਜੰਗ ਸ਼ੁਰੂ ਹੋ ਜਾਣ ਕਰਕੇ ਗ਼ਦਰ ਪਾਰਟੀ ਨੇ ਫੈਸਲਾ ਕਰ ਦਿੱਤਾ ਹੈ, ਕਿ ਇਸਦੇ ਸਭ ਸਿਰ ਵੇਚ ਮੈਂਬਰ ਹਿੰਦੁਸਤਾਨ ਵਿੱਚ ਚਲੇ ਜਾਣ, ਜਥੇਬੰਦ ਇਨਕਲਾਬ ਨਾਲ ਭਾਰਤ ਮਾਤਾ ਨੂੰ ਆਜ਼ਾਦ ਕਰਨ ਦੀ ਕੋਸ਼ਿਸ਼ ਕਰਨ। ਇਹਨਾਂ ਜ਼ਿੰਦਾ ਸ਼ਹੀਦਾਂ ਨੂੰ ਲੈ ਕੇ ਸਾਨਫਰਾਂਸਿਸਕੋ ਤੋਂ ਚੱਲਣ ਵਾਲਾ ਜਹਾਜ਼ ਕੋਰੀਯਾ ਸੀ, ਜਿਸ ਵਿੱਚ ਕੇਵਲ ਕੈਲੇਫੋਰਨੀਆਂ ਤੋਂ 62 ਹਿੰਦੀ ਸਵਾਰ ਹੋਏ, ਜਿਨ੍ਹਾਂ ਵਿੱਚੋਂ 60 ਤਾਂ ਗ਼ਦਰ ਪਾਰਟੀ ਦੇ ਮੈਂਬਰ ਸਨ ਅਤੇ ਉਸਦੇ ਹੁਕਮਾਂ ਉੱਤੇ ਜਾਨਾਂ ਵਾਰ ਦੇਣ ਤੱਕ ਤਿਆਰ ਸਨ। ਪਰ ਦੂਜੇ ਦੋ ਆਦਮੀ ਸੀ. ਆਈ. ਡੀ. ਦੇ ਸਨ, ਜਿਹੜੇ ਮਨਜ਼ਲ ਦੇ ਸ਼ੁਰੂ ਤੋਂ ਹੀ ਨਾਲ ਹੋ ਗਏ ਸਨ। ਇਸੇ ਜਹਾਜ਼ ਵਿੱਚ ਸਾਡੀ ਵਾਰਤਾ ਦੇ ਬਹਾਦਰ ਬਾਬਾ ਜਵਾਲਾ ਸਿੰਘ ਜੀ ਵੀ ਸਨ।

ਜਹਾਜ਼ ਉੱਤੇ ਖ਼ੂਬ ਜਲਸੇ ਹੁੰਦੇ ਸਨ। ਗ਼ਦਰ ਦੀ ਗੂੰਜ ਪੜ੍ਹੀ ਜਾਂਦੀ ਸੀ ਅਤੇ ਹਰ ਇੱਕ ਮੁਸਾਫਰ ਦੇ ਦਿਲ ਵਿੱਚ ਇਹੀ ਮਨੋਰਥ ਸੀ, ਕਿ ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਵਾਂਗੇ ਅਜਿਹੇ ਯਤਨ ਪਰ ਮਰ ਮਿਟਾਂਗੇ। ਅਜ਼ਾਦੀ ਦੀ ਖਾਹਸ਼ ਦਿਲ ਤੇ ਦਿਮਾਗ ਵਿੱਚ ਰਚ ਗਈ ਸੀ। ਬਾਕੀ ਸਭ ਖੁਹਾਸ਼ਾਂ ਮਿਟ ਗਈਆਂ ਸਨ ਤੇ ਅਰਮਾਣ ਨਿਕਲ ਚੁੱਕੇ ਸਨ। ਸਿਰਫ ਇਕੋ ਗੁਫਰ ਬਾਕੀ ਸੀ ਅਤੇ ਉਹ ਸੀ, ਹਿੰਦ ਦੀ ਆਜ਼ਾਦੀ ਲਈ ਮਰ ਮਿਟਨਾ। ਜਦ ਇਹ ਜਹਾਜ ਯੋਕੋਹਾਮਾਂ ਪਹੁੰਚਾ ਤਾਂ ਇਹਥੋਂ ਪੰਡਤ ਪਰਮਾਨੰਦ ਝਾਂਸੀ ਵੀ ਆਪਣੇ ਸਾਥੀਆਂ ਨਾਲ ਸ਼ਾਮਲ ਹੋ ਗਏ।

ਜਾਪਾਨ ਪੁੱਜਕੇ ਇਹ ਤਜਵੀਜ਼ ਹੋਈ ਕਿ ਕੁਝ ਸਾਥੀ ਚੀਨ ਵਿੱਚ ਘਲੇ ਜਾਣ, ਤਾਂ ਕਿ ਉਹਥੋਂ ਦੇ ਹਿੰਦੀਆਂ ਨੂੰ ਵੀ ਗ਼ਦਰ ਦਾ ਸੁਨੇਹਾ ਦੇ ਦਿੱਤਾ ਜਾਵੇ। ਇਸ ਕੰਮ ਲਈ ਬਾਬਾ ਨਿਧਾਨ ਸਿੰਘ ਚੁੱਘਾ, ਅਮਰ ਸਿੰਘ ਅਤੇ ਪਿਆਰਾ ਸਿੰਘ

ਸ਼ੰਘਾਈ ਵਲ ਤੁਰ ਪਏ। ਜਿਹੜੇ ਉਹਥੋਂ ਸੈਂਕੜੇ ਹਿੰਦੀਆਂ ਨੂੰ ਨਾਲ ਲੈ ਕੇ ਹਿੰਦੁਸਤਾਨ ਨੂੰ ਆਏ ਅਤੇ ਆਪਣੇ ਸਾਥੀਆਂ ਨਾਲੋਂ ਪਹਿਲਾਂ ਹੀ ਮੁਲਕ ਵਿੱਚ ਪਹੁੰਚ ਗਏ।

ਦੋ ਹੋਰ ਜਹਾਜ਼ ਜਿਹੜੇ ਕੈਨੇਡਿਓਂ ਚਲੇ ਸਨ, ਕੋਰੀਯਾ ਜਹਾਜ਼ ਨੂੰ ਹਾਂਗਕਾਂਗ ਵਿੱਚ ਆ ਮਿਲੇ। ਇਹਨਾਂ ਜਹਾਜ਼ਾਂ ਵਿੱਚ ਸਾਥੀ ਕਰਮ ਸਿੰਘ ਝਿੰਗੜ, ਜਿਹੜੇ ਡੇਢ ਕੁ ਮਹੀਨਾ ਹੋਇਆ ਜੇਲ੍ਹ ਵਿੱਚ ਹੀ ਪਰਾਣ ਤਿਆਗ ਗਏ ਹਨ। ਸੱਜਣ ਸਿੰਘ ਵੀਹਲਾ, ਬਾਬਾ ਸ਼ੇਰ ਸਿੰਘ ਵੇਈਂ ਪੇਂਈਂ ਅਤੇ ਕਿਸ਼ਨ ਸਿੰਘ ਵਡਾਲੇ ਵਾਲੇ ਵੀ ਸਵਾਰ ਸਨ।

ਇਹਨੀ ਦਿਨੀ ਸਮੁੰਦਰ ਉਤੇ ਜਰਮਨ ਜਹਾਜ਼ ਐਮਡਨ ਦਾ ਰਾਜ ਸੀ ਇਸ ਲਈ ਜਹਾਜ਼ ਨੂੰ ਕਈ ਦਿਨ ਤੱਕ ਹਾਂਗਕਾਂਗ ਹੀ ਠਹਿਰਨਾ ਪਿਆ। ਉੱਥੇ ਵੀ ਹਰ ਰੋਜ਼ ਜਲਸੇ ਹੁੰਦੇ ਸਨ ਅਤੇ ਇਨਕਲਾਬੀ ਪ੍ਰਚਾਰ ਦੀ ਲਹਿਰ ਚਲ ਰਹੀ ਸੀ ਅਤੇ ਫੌਜੀ ਸਪਾਹੀ ਵੀ ਜਲਸਿਆਂ ਵਿੱਚ ਆ ਜਾਇਆ ਕਰਦੇ ਸਨ। ਅਫਸਰਾਂ ਨੂੰ ਜਦ ਖਬਰ ਮਿਲੀ ਤਾਂ ਹੁਕਮ ਜਾਰੀ ਹੋ ਗਏ ਕਿ ਕੋਈ ਸਪਾਹੀ ਇਹਨਾਂ ਜਲਸਿਆਂ ਵਿੱਚ ਸ਼ਾਮਲ ਨਾ ਹੋਵੇ। ਹਾਂਗਕਾਂਗ ਵਿੱਚ ਇਸ ਪੜਾ ਸਮੇਂ ਇੱਕ ਦਿਨ ਬਾਬਾ ਜਵਾਲਾ ਸਿੰਘ ਜੀ ਬਜ਼ਾਰ ਵਿੱਚ ਜਾ ਰਹੇ ਸਨ, ਇਕ ਰਿਕਸ਼ਾ ਲਾਗਿਓਂ ਦੀ ਲੰਘੀ ਤਾਂ ਬਾਬਾ ਜੀ ਅਚਾਨਕ ਇਸ ਰਿਕਸ਼ੇ ਵਿੱਚ ਸਵਾਰ ਅੰਗਰੇਜ਼ ਉੱਤੇ ਟੁੱਟ ਪਏ ਅਤੇ ਕਹਿਣ ਲੱਗੇ ਕਿ-

"ਤੈਨੂੰ ਸ਼ਰਮ ਨਹੀਂ ਆਉਂਦੀ, ਕਿ ਤੂੰ ਸਵਾਰ ਹੈਂ ਅਤੇ ਤੇਰਾ ਹੀ ਇੱਕ ਭਾਈ ਤੇਰੇ ਵਰਗਾ ਹੀ ਇਨਸਾਨ ਤੈਨੂੰ ਖਿੱਚ ਰਿਹਾ ਹੈ।"

ਮਾਮਲਾ ਵੱਧਣ ਹੀ ਲੱਗਾ ਸੀ ਕਿ ਸਾਥੀਆਂ ਨੇ ਵਿੱਚ ਵਿਚਾਲਾ ਕਰਕੇ ਰਫਾ ਕਰ ਦਿੱਤਾ। ਅਖੀਰ ਜਦ ਮੁਸਾਫਰਾਂ ਦਾ ਖਾਣਾ ਦਾਣਾ ਵੀ ਖਤਮ ਹੋਣ ਲੱਗਾ ਤਾਂ ਤੋਸਾਮਾਰੂ ਜਹਾਜ਼ ਇਹਨਾਂ ਮੁਸਾਫਰਾਂ ਨੂੰ ਲਦਕੇ ਹਿੰਦੁਸਤਾਨ ਵੱਲ ਤੁਰਿਆ। ਰਸਤਾ ਖਤਰਨਾਕ ਸੀ, ਮੁਸਾਫਰਾਂ ਦੇ ਜਹਾਜ਼ ਡਬੋ ਦੇਣਾ ਤਾਂ ਐਮਡਨ ਲਈ ਇੱਕ ਖੇਲ ਸੀ, ਇਸਦੇ ਸਾਂਹਵੇਂ ਤਾਂ ਜੰਗੀ ਜਹਾਜ਼ ਵੀ ਦਮ ਨਹੀਂ ਮਾਰ ਸਕਦੇ ਸਨ ਅਤੇ ਕਈ ਦਰਜਨਾ ਜੰਗੀ ਜਹਾਜ਼ ਅਕਲਿਆਂ ਡੋਬ ਚੁੱਕਾ ਸੀ। ਜਦ ਉਸਨੇ ਤੋਸਾਮਾਰੂ ਦਾ ਰੁੱਖ ਕੀਤਾ ਤਾਂ ਇਸ ਜਹਾਜ਼ ਦੇ ਮੁਸਾਫਰਾਂ ਨੇ ਝੰਡੀ ਸ਼ੀਸ਼ੇ ਰਾਹੀਂ ਉਸਨੂੰ ਖਬਰਦਾਰ

ਕਰ ਦਿੱਤਾ ਕਿ ਇਸ ਵਿੱਚ ਅਮਰੀਕਾ ਤੋਂ ਆਉਣ ਵਾਲੇ ਇਨਕਲਾਬੀ ਸਵਾਰ ਹਨ। ਇਸ ਉੱਤੇ ਐਮਡਨ ਨੇ ਤੋਸਾਮਾਰੂ ਉੱਤੇ ਹਮਲਾ ਨਾ ਕੀਤਾ ਅਤੇ ਜਹਾਜ਼ ਤਿੰਨ ਦਿਨ ਸਿੰਘਾਪੁਰ ਠਹਿਰਕੇ ਪੀਨਾਂਗ ਆ ਪਹੁੰਚਾ।

ਸਿੰਘਾਪੁਰ ਦੇ ਪੜਾ ਸਮੇਂ ਫੌਜ ਅਤੇ ਪੁਲਸ ਵਿੱਚ ਖੂਬ ਪ੍ਰਚਾਰ ਕੀਤਾ ਗਿਆ, ਕਿ "ਬਸਰੇ ਅਤੇ ਫਰਾਂਸ ਵਿੱਚ ਮਰਨ ਤੋਂ ਕੀ ਫਾਇਦਾ ? ਮਰਨਾ ਹੈ, ਤਾਂ ਆਪਣੇ ਮੁਲਕ ਲਈ ਮਰਨਾ ਚਾਹੀਦਾ ਹੈ।"

ਇਸ ਪ੍ਰਚਾਰ ਦੇ ਡਰ ਨਾਲ ਤਾਂ ਜਹਾਜ਼ ਨੂੰ ਬੰਦਰਗਾਹ ਤੇ ਠਹਿਰਾਨਾ ਮੁਸ਼ਕਲ ਹੋ ਜਾਂਦਾ ਸੀ, ਪਰ ਬੰਦਰਗਾਹ ਤੋਂ ਬਾਹਰ ਜਾਣ ਉੱਤੇ ਜਹਾਜ਼ ਦੇ ਮੁਸਾਫਰਾਂ ਨੂੰ ਐਮਡਨ ਦਾ ਡਰ ਰਹਿੰਦਾ ਸੀ। ਇਸ ਹਾਲਤ ਵਿੱਚ ਕੰਪਨੀ ਵਾਲੇ ਬੜੇ ਕਪੇਚੇ ਵਿੱਚ ਫਸ ਜਾਂਦੇ ਸਨ। ਤੋਸਾਮਾਰੂ ਅਜੇ ਪੀਨਾਂਗ ਵਿੱਚ ਹੀ ਸੀ, ਕਿ ਐਮਡਨ ਇਸ ਦੇ ਲਾਂਭੇ ਚਾਂਭੇ ਖੜੇ ਤਿੰਨਾਂ ਜਹਾਜ਼ਾਂ ਨੂੰ ਗਰਕ ਕਰਕੇ ਪਤਰਾ ਵਾਚਿਆ।

ਜਿਹੜੀਆਂ ਘਟਨਾਵਾਂ ਇਥੇ ਮੁਸਾਫਰਾਂ ਨੂੰ ਵਾਪਰੀਆਂ, ਉਹਨਾਂ ਵਿੱਚੋਂ ਇੱਕ ਖਾਸ ਇਹ ਹੈ, ਕਿ ਜਦ ਐਮਡਨ ਦੇ ਡਰ ਨਾਲ ਜਹਾਜ਼ ਕਈ ਦਿਨ ਤੱਕ ਅਟਕਿਆ ਰਿਹਾ ਤਾਂ ਇਹਨਾਂ ਮਨਚਲੇ ਮੁਸਾਫਰਾਂ ਨੇ ਮਤਾ ਪਕਾਇਆ ਕਿ ਗਵਰਨਰ ਤੋਂ ਇਸ ਢਿਲ ਦੀ ਵਜਾ ਪੁੱਛੀ ਜਾਏ। ਚੁਨਾਚਿ ਇਸ ਕੰਮ ਲਈ ਬਾਬਾ ਜਵਾਲਾ ਸਿੰਘ ਜੀ, ਬਾਬਾ ਅਰੂੜ ਸਿੰਘ, ਬਾਬਾ ਸ਼ੇਰ ਸਿੰਘ ਵੇਈਂ ਪੋਈਂ, ਬਾਬਾ ਈਸ਼ਰ ਸਿੰਘ ਮਰਹਾਣਾ, ਅਤੇ ਬਾਬਾ ਸਜਨ ਸਿੰਘ ਵੀਹਲਾ ਗਵਰਨਰ ਦੀ ਕੋਠੀ ਵਲ ਹੋ ਤੁਰੇ। ਅੱਗੇ ਉੱਥੇ ਹਥਿਆਰਬੰਦ ਸਿੱਖ ਪਹਿਰਾ ਦੇ ਰਹੇ ਸਨ। ਉਹਨਾਂ ਨੇ ਇਸ ਪਰ੍ਹੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਕਿ "ਪਹਿਲੋਂ ਦਰਖਾਸਤ ਕਰਨੀ ਚਾਹੀਏ ਅਤੇ ਆਗਿਆ ਮਿਲਣ ਉੱਤੇ ਮੁਲਾਕਾਤ ਕਰਨੀ ਚਾਹੀਏ।" ਪਰ ਇਹ ਇਨਕਲਾਬੀ ਪਰ੍ਹੇ ਦਰਖਾਸਤਾਂ ਨੂੰ ਕੀ ਜਾਣਦੇ ਸੀ। ਸਿੱਧੇ ਉਪਰਲੀ ਮੰਜ਼ਿਲ ਉੱਤੇ ਚੜ੍ਹ ਗਏ। ਕਲਰਕ ਜ਼ਰਾ ਕੁ ਅੜੇ ਪਰ ਦੋ-ਦੋ ਖਾਂਦਿਆਂ ਹੀ ਇਧਰ ਉਧਰ ਡਿੱਗ ਪਏ। ਇਹਨਾਂ ਗਵਰਨਰ ਦੇ ਕਮਰੇ ਦਾ ਦਰਵਾਜ਼ਾ ਖੋਲਿਆ ਅਤੇ ਅੰਦਰ ਵੜ ਗਏ।

ਗਵਰਨਰ ਫੌਰਨ ਕੁਰਸੀ ਤੋਂ ਉੱਠ ਬੈਠਾ, ਪਰ੍ਹੇ ਨੂੰ ਬੈਠਣ ਲਈ ਥਾਂ ਦਿੱਤਾ ਅਤੇ ਗੱਲਬਾਤ ਸ਼ੁਰੂ ਕਰ ਦਿੱਤੀ। ਪਰ੍ਹੇ ਦੀ ਇੱਕ ਸ਼ਕਾਇਤ ਤਾਂ ਫੌਰਨ ਦੂਰ ਹੋ ਗਈ,

ਜਦ ਗਵਰਨਰ ਨੇ ਬੰਦਰਗਾਹ ਦੇ ਹਾਕਮਾਂ ਤੋਂ ਪੁੱਛਿਆ ਕਿ ਉਹਨਾਂ ਜਹਾਜ਼ ਨੂੰ ਕਿਉਂ ਰੋਕਿਆ ਹੋਇਆ ਹੈ, ਤਾਂ ਜਵਾਬ ਮਿਲਿਆ ਕਿ ਜਹਾਜ਼ ਨੂੰ ਸਵੇਰੇ ਰਵਾਨਾ ਕਰ ਦਿਆਂਗੇ। ਇਕ ਹੋਰ ਸ਼ਕਾਇਤ ਸੀ ਕਿ ਇਹ ਮਜ਼ਦੂਰ ਸਿੰਘਾਪੁਰ ਤੋਂ ਥੋੜਾ ਰਾਸ਼ਨ ਲੈ ਕੇ ਸਵਾਰ ਹੋਏ ਸਨ, ਜਹਾਜ਼ ਜ਼ਿਆਦਾ ਅਟਕਣ ਨਾਲ ਖ਼ੁਰਾਕ ਹੱਥੋਂ ਫਾਕੇ ਮਰ ਰਹੇ ਸਨ।

"ਹੁਣ ਇਹ ਰਸਤੇ ਵਿੱਚ ਕੀ ਖਾਣਗੇ"?

"ਮੈਂ ਇਸ ਬਾਰੇ ਕੀ ਕਰ ਸਕਦਾ ਹਾਂ"? ਗਵਰਨਰ ਨੇ ਟਾਲਣ ਦੀ ਕੋਸ਼ਿਸ਼ ਕੀਤੀ।

"ਆਪ ਨੂੰ ਕੁਝ ਨਾ ਕੁਝ ਕਰਨਾ ਹੀ ਪਏਗਾ," ਪਰ੍ਹੇ ਨੇ ਜਰਾ ਖੜਕ ਦੜਕ ਕੇ ਆਖਿਆ, "ਅਸੀਂ ਪੰਜ ਛੇ ਸੌ ਮਜ਼ਦੂਰਾਂ ਨੂੰ ਭੁੱਖੇ ਮਰਦਿਆਂ ਕਿਵੇਂ ਵੇਖ ਸਕਦੇ ਹਾਂ"?

ਗਵਰਨਰ ਵਲੇਵੇਂ ਵਿੱਚ ਆਇਆ ਹੋਇਆ ਸੀ, ਫੌਰਨ ਪੰਦਰਾਂ ਸੌ ਰੁਪੈ ਦੀ ਮਨਜ਼ੂਰੀ ਦਿੱਤੀ ਅਤੇ ਪਰ੍ਹੇ ਤੋਂ ਪਿੱਛਾ ਛੁਡਾਇਆ। ਬਾਬਾ ਜਵਾਲਾ ਸਿੰਘ ਜੀ ਅਤੇ ਆਪਦੇ ਸਾਥੀਆਂ ਨੇ ਉਹ ਰੁਪਿਆ ਮਜ਼ਦੂਰ ਮੁਸਾਫਰਾਂ ਵਿੱਚ ਵੰਡ ਦਿੱਤਾ ਅਤੇ ਉਹਨਾਂ ਵਿਚਾਰਿਆਂ ਤੋਂ ਅਸੀਸਾਂ ਲਈਆਂ। ਜਹਾਜ਼ ਹੁਣ ਆਪਣੀ ਆਖਰੀ ਮੰਜ਼ਿਲ ਵਲ ਤੁਰ ਪਿਆ ਪਰ ਟਿਕਾਣੇ ਉੱਤੇ ਪੁੱਜ ਵੀ ਨਹੀਂ ਸਕਿਆ ਸੀ, ਕਿ ਹਿਰਾਸਤ ਵਿੱਚ ਕਰ ਲਿਆ ਗਿਆ। ਕਲਕੱਤੇ ਵਿਖੇ ਇਹਨਾਂ ਮੁਸਾਫਰਾਂ ਨੂੰ ਉਤਾਰਕੇ ਇਕ ਸੌ ਵੀਹਾਂ ਨੂੰ ਮਿੰਟਗੁਮਰੀ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਬਹੁਤ ਸਾਰੇ ਮੁਸਾਫਰਾਂ ਨੂੰ ਆਪਣੇ-ਆਪਣੇ ਪਿੰਡ ਬੰਦ ਕਰ ਦਿੱਤਾ। ਬਾਬਾ ਜਵਾਲਾ ਸਿੰਘ ਜੀ ਮਿੰਟਗੁਮਰੀ ਜੇਲ੍ਹ ਵਿੱਚ ਰੱਖੇ ਗਏ।

ਇਹ ਸਖਤ ਸਲੂਕ ਇਹਨਾਂ ਮੁਸਾਫਰਾਂ ਨਾਲ ਸ਼ਾਇਦ ਇਸ ਕਰਕੇ ਕੀਤਾ ਗਿਆ ਕਿ ਇਸਦੇ ਆਉਣ ਤੋਂ ਕੁਝ ਹੀ ਦਿਨ ਪਹਿਲਾਂ ਕਾਮਾ ਗਾਟਾ ਮਾਰੂ ਜਹਾਜ਼ ਇੱਥੇ ਆਇਆ ਸੀ ਅਤੇ ਬੱਜਬੱਜ ਘਾਟ ਦੀ ਮਸ਼ਹੂਰ ਘਟਨਾ ਪਹਿਲਾਂ ਵਾਪਰ ਚੁੱਕੀ ਸੀ, ਜਿਹੜੇ ਦਿਲ ਜਲੇ ਹਿੰਦੀ ਬਾਹਰੋਂ ਆਏ ਹਕੂਮਤ ਉਹਨਾਂ ਉੱਤੇ ਇੱਕ ਖਾਸ ਨਿਗਾਹ ਰੱਖਦੀ ਸੀ। ਉਹ ਜਹਾਜ਼ ਵੀ ਜਿਸ ਵਿੱਚ ਬਾਬਾ ਸੋਹਣ ਸਿੰਘ ਸਫਰ ਕਰ ਰਹੇ

ਸਨ, ਤੋਸਾ ਮਾਰੂ ਤੋਂ ਪਹਿਲਾਂ ਆ ਪਹੁੰਚਿਆ। ਇਹ ਗੱਲਾਂ 1914 ਦੇ ਅਖੀਰ ਦੀਆਂ ਹਨ। 1915 ਦੇ ਸ਼ੁਰੂ ਅਰਥਾਤ ਅਪ੍ਰੈਲ ਵਿੱਚ ਹੀ 64 ਆਦਮੀਆਂ ਉੱਤੇ ਲਾਹੌਰ ਸਾਜ਼ਸ਼ ਦਾ ਪਹਿਲਾ ਮੁਕੱਦਮਾ ਚਲਾਇਆ ਗਿਆ।

ਪਹਿਲਾ ਸਾਜ਼ਿਸ਼ ਕੇਸ ਲਾਹੌਰ

ਮੁਕਦਮੇ ਸਮੇਂ ਜਿਹੜਾ ਹੌਂਸਲਾ ਬਾਬਾ ਜਵਾਲਾ ਸਿੰਘ ਜੀ ਨੇ ਦਿਖਾਇਆ, ਉਹ ਸਭ ਨੂੰ ਹੈਰਾਨ ਕਰ ਦੇਣ ਵਾਲਾ ਸੀ। ਇੱਕ ਵਾਰੀਂ ਸਭ ਦੋਸ਼ੀ ਸ਼ਨਾਖਤ ਲਈ ਕਤਾਰ ਵਿੱਚ ਖੜੇ ਕੀਤੇ ਹੋਏ ਸਨ, ਤਾਂ ਸਰਕਾਰੀ ਵਕੀਲ ਨੇ ਇੱਕ ਦੋਸ਼ੀ ਨੂੰ ਕਿਹਾ ਕਿ ਉਸਨੇ ਪਗੜੀ ਬਦਲੀ ਹੋਈ ਸੀ।

"ਪਗੜੀ ਬਦਲੀ ਹੋਈ ਆ, ਚਿਹਰਾ ਤਾਂ ਨਹੀਂ ਬਦਲ ਲਿਆ।" ਬਾਬਾ ਜਵਾਲਾ ਸਿੰਘ ਜੀ ਨੇ ਉਸਦੀ ਗੱਲ ਟਕੋਰਦਿਆਂ ਹੋਇਆਂ ਕਿਹਾ।

"ਤੂੰ ਚੁੱਪ ਰਹਿ"! ਸਰਕਾਰੀ ਵਕੀਲ ਨੇ ਘੁਰਕੀ ਵੱਟੀ। "ਤੂੰ ਕਿਸੇ ਹੋਸ਼ ਨਾਲ ਗੱਲ ਕਰ"। ਬਾਬਾ ਜੀ ਨੇ ਅਗੋਂ ਉਸਦੀ ਖੁੰਭ ਠੱਪ ਦਿੱਤੀ।

ਇਸ ਤੇ ਸਭ ਦੋਸ਼ੀਆਂ ਨੂੰ ਕੋਠੀਆਂ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਬਾਬਾ ਜੀ ਨੂੰ ਤੀਹ ਬੈਂਤਾਂ ਦੀ ਸਜ਼ਾ ਦਿੱਤਾ ਗਈ। ਕਹਿੰਦੇ ਹਨ, ਕਿ ਪੰਦਰਾਂ ਬੈਂਤ ਇੱਕ ਆਦਮੀ ਨੇ ਮਾਰੇ ਤੇ ਪੰਦਰਾਂ ਦੂਸਰੇ ਨੇ, ਜ਼ਿਆਦਾ ਦਿਕ ਕਰਨ ਲਈ ਬੈਂਤ ਠਹਿਰਾ-ਠਹਿਰਾ ਕੇ ਮਾਰੇ ਗਏ। ਪਰ ਬਾਬਾ ਜੀ ਦਾ ਹੌਂਸਲਾ ਤਕੋ ! ਪਾਹਰਿਆਂ ਦੁਹਾਈ ਕਰਨ ਦੀ ਥਾਂ ਆਪ ਇੱਕ ਦੋ ਤਿੰਨ ਕਰਕੇ ਤੀਹਾਂ ਤੱਕ ਗਿਣਦੇ ਗਏ। ਪਰ ਬਾਬਾ ਜੀ ਦੀ ਸ਼ਹਿਨਸ਼ੀਲਤਾ ਤੇ ਬਹਾਦਰੀ ਤੱਕ ਕੇ ਜੇਲ੍ਹ ਦੇ ਕੈਦੀ ਤੇ ਅਫਸਰ ਦੰਗ ਰਹਿ ਗਏ। ਸਜ਼ਾ ਤੋਂ ਬਾਦ ਜਦ ਬਾਬਾ ਜੀ ਨੂੰ ਦਵਾ ਲਾਉਣ ਲੱਗੇ ਤਾਂ ਬਾਬਾ ਜੀ ਨੇ ਇਨਕਾਰ ਕਰ ਦਿੱਤਾ ਅਤੇ ਸਜ਼ਾ ਦਾ ਕਿਸੇ ਦੋਸਤ ਅੱਗੇ ਭੋਗ ਤੱਕ ਨਹੀਂ ਪਾਇਆ। ਸਜ਼ਾ ਦਾ ਪਤਾ ਦੋਸਤਾਂ ਨੂੰ ਉਦੋਂ ਲੱਗਾ, ਜਦ ਆਪ ਅਸ਼ਨਾਨ ਕਰਨ ਲੱਗੇ।

ਮੁਕਦਮੇ ਦਾ ਫੈਸਲਾ 13 ਸਤੰਬਰ 1915 ਨੂੰ ਸੁਨਾਇਆ ਗਿਆ। ਬਾਬਾ ਸੋਹਣ ਸਿੰਘ, ਪ੍ਰਿਥਵੀ ਸਿੰਘ, ਕਰਤਾਰ ਸਿੰਘ ਸਰਾਭਾ, ਵੀ.ਜੀ. ਪਿੰਗਲੇ, ਭਗਤ ਸਿੰਘ, ਜਗਤ ਸਿੰਘ, ਪਰਮਾਨੰਦ ਝਾਂਸੀ, ਜਗਤ ਰਾਮ ਹਰਿਆਨਵੀ, ਬਾਬਾ ਚੂਹੜ

ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀ ਸਿੰਘ, ਸੁਰੈਣ ਸਿੰਘ ਪਹਿਲਾ, ਸੁਰੈਣ ਸਿੰਘ ਦੂਜਾ, ਨਿਧਾਨ ਸਿੰਘ ਚੁੱਘਾ, ਭਾਈ ਪਰਮਾਨੰਦ ਲਾਹੌਰ, ਹਿਰਦੇ ਰਾਮ, ਹਰਨਾਮ ਸਿੰਘ ਟੁੰਡੀਲਾਟ, ਰਾਮਸਰਨ ਕਪੂਰਥਲਾ, ਰੁਲੀਆ ਸਿੰਘ ਸਰਾਭਾ, ਖੁਸ਼ਹਾਲ ਸਿੰਘ ਪੱਧਰੀ, ਵਸਾਵਾ ਸਿੰਘ ਗਿਲ ਵਾਲੀ, ਕਾਲਾ ਸਿੰਘ ਅੰਮ੍ਰਿਤਸਰ ਬਲਵੰਤ ਸਿੰਘ ਸਠਿਆਲਾ, ਸਾਵਨ ਸਿੰਘ, ਨੰਦ ਸਿੰਘ ਕੈਲੇ ਆਦਿ ਨੂੰ ਫਾਂਸੀ ਦੀ ਸਜ਼ਾ ਮਿਲੀ। ਜਦ ਫੈਸਲਾ ਸੁਨਾਇਆ ਗਿਆ ਫਾਂਸੀ ਵਾਲਿਆਂ ਵਿੱਚ ਬਾਬਾ ਜਵਾਲਾ ਸਿੰਘ ਜੀ ਦਾ ਨਾਮ ਨਾ ਪੜ੍ਹਿਆ ਗਿਆ ਤਾਂ ਬਾਬਾ ਜੀ ਕੜਕ ਕੇ ਬੋਲੇ-

"ਮੈਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ? ਕੋਈ ਮੇਰਾ ਕਿਸੇ ਤੋਂ ਘੱਟ ਕਸੂਰ ਹੈ"?

ਪਤਾ ਲੱਗਦਾ ਹੈ, ਕਿ ਵਾਇਸਰਾਏ ਨੇ ਕੁਝ ਸਾਥੀਆਂ ਦੀ ਸਜਾ ਫਾਂਸੀ ਤੋਂ ਉਮਰ ਕੈਦ ਵਿੱਚ ਬਦਲ ਦਿੱਤੀ ਅਤੇ ਕੇਵਲ ਹੇਠ ਲਿਖੇ ਸ਼ਹੀਦਾਂ ਨੂੰ ਹੀ ਫਾਂਸੀ ਟੰਗਿਆ ਗਿਆ।

ਕਰਤਾਰ ਸਿੰਘ ਜੀ ਸਰਾਭਾ, ਹਰਨਾਮ ਸਿੰਘ, ਜਗਤ ਸਿੰਘ, ਵੀ.ਜੇ. ਪਿੰਗਲੇ, ਬਖਸ਼ੀ ਸਿੰਘ, ਸੁਰੈਣ ਸਿੰਘ ਪਹਿਲਾ ਤੇ ਸੁਰੈਣ ਸਿੰਘ ਦੂਸਰਾ।

ਬਾਬਾ ਸੋਹਣ ਸਿੰਘ ਜੀ, ਬਾਬਾ ਕੇਸਰ ਸਿੰਘ ਜੀ ਅਤੇ ਹੋਰਨਾਂ ਸਾਥੀਆਂ ਨੂੰ ਲਾਹੌਰ ਸੈਂਟਰਲ ਜੇਲ੍ਹ ਦੇ ਸੁਪਰਡੈਂਟ ਮਿਸਟਰ ਵਾਰਡ ਨੇ ਫਾਂਸੀ ਦੀਆਂ ਸਜ਼ਾਵਾਂ ਵਿਰੁੱਧ ਜਦ ਅਪੀਲ ਕਰਨ ਲਈ ਆਖਿਆ ਤਾਂ ਇਹਨਾਂ ਭਾਰਤ ਦੇ ਲਾਲਾਂ ਨੇ ਜਵਾਬ ਦਿੱਤਾ-

"ਅਪੀਲ ਕੀਹਦੇ ਪਾਸ ਕਰੀਏ? ਅਸੀਂ ਤਾਂ ਇਸ ਹਕੂਮਤ ਦੇ ਪ੍ਰਬੰਧ ਨੂੰ ਖਤਮ ਕਰਨ ਆਏ ਸਾਂ, ਕਾਮਯਾਬ ਨਹੀਂ ਹੋਏ ਤਾਂ ਵਿਲਕੜੀਆਂ ਲੈ ਕੇ ਅਪੀਲਾਂ ਨਹੀਂ ਕਰਾਂਗੇ ਤੇ ਨਾ ਕਿਸੇ ਹੋਰ ਪ੍ਰਕਾਰ ਦੀ ਦਰਖਾਸਤ ਕਰਾਂਗੇ। ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਹਜ਼ਾਰ ਦਰਜਾ ਚੰਗੀ ਹੈ"।

ਪਹਿਲਾ ਮੁਕੱਦਮਾ 64 ਆਦਮੀਆਂ ਤੇ ਚਲਾਇਆ ਗਿਆ, ਜਿਨ੍ਹਾਂ ਵਿੱਚੋਂ 7 ਤਾਂ ਫਾਹੇ ਲਾ ਦਿੱਤੇ। ਪੰਜ ਬਰੀ ਹੋਏ 24 ਆਂ ਨੂੰ ਜ਼ਬਤੀ ਜਾਇਦਾਦ ਤੇ ਉਮਰ ਕੈਦ ਦੀ ਸਜ਼ਾ ਮਿਲੀ ਅਤੇ ਬਾਕੀ ਸਾਰਿਆਂ ਨੂੰ ਦਸ ਤੋਂ ਦੋ ਸਾਲ ਤੱਕ ਸਜ਼ਾਵਾਂ ਹੋਈਆਂ।

ਉਮਰ ਕੈਦ ਤੇ ਜ਼ਬਤੀ ਜਾਇਦਾਦ ਵਾਲੇ

ਬਾਬਾ ਜਵਾਲਾ ਸਿੰਘ ਜੀ, ਬਾਬਾ ਵਸਾਖਾ ਸਿੰਘ ਜੀ, ਹਜ਼ਾਰਾ ਸਿੰਘ, ਬਿਸ਼ਨ ਸਿੰਘ, ਬਿਸ਼ਨ ਸਿੰਘ ਪਹਿਲਵਾਨ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ, ਬਾਬਾ ਅਰੂੜ ਸਿੰਘ (ਐਮ.ਐਲ.ਏ), ਬਾਬਾ ਚੂਹੜ ਸਿੰਘ ਲੀਲ, ਭਾਨ ਸਿੰਘ ਲੁਧਿਆਣਾ, ਰੋਡਾ ਸਿੰਘ ਲੰਡੇ, ਮਾਸਟਰ ਊਧਮ ਸਿੰਘ ਕਸੇਲ, ਮੰਗਲ ਸਿੰਘ ਲਾਲ ਪੁਰਾ, ਬਾਬਾ ਸ਼ੇਰ ਸਿੰਘ ਵੇਈਂ ਪੋਈਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮਦਨ ਸਿੰਘ ਗਾਗਾ, ਬਾਬਾ ਇੰਦਰ ਸਿੰਘ, ਕਾਲਾ ਸਿੰਘ, ਗੁਰਦਿੱਤ ਸਿੰਘ ਅਤੇ ਜਵੰਦ ਸਿੰਘ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ, ਭਾਈ ਪਿਆਰਾ ਸਿੰਘ ਲੰਗੇਰੀ, ਭਾਈ ਗੁਰਮੁਖ ਸਿੰਘ ਲਲਤੋਂ (ਹਾਲ ਕੈਦ ਪੁਰਾਣੀ ਸੈਂਟਰਲ ਜੇਲ੍ਹ ਮੁਲਤਾਨ) ਪੂਰਨ ਸਿੰਘ, ਕਿਰਪਾਲ ਸਿੰਘ ਬੋਪਾਰਾਏ, ਖੜਕ ਸਿੰਘ, ਇੰਦਰ ਸਿੰਘ ਗਰੰਥੀ ਮੱਲਾ, ਇੰਦਰ ਸਿੰਘ ਭਸੀਣ, ਕੇਹਰ ਸਿੰਘ ਮਰਹਾਣਾ, ਅਤੇ ਲਾਲ ਸਿੰਘ ਭੂਰੇ।

ਹੌਲੀਆਂ ਸਜ਼ਾਵਾਂ ਵਾਲੇ

ਹਰੀ ਸਿੰਘ ਦਸ ਸਾਲ, ਦਲੀਪ ਸਿੰਘ ਸੱਤ ਸਾਲ, ਦੇਵਾ ਸਿੰਘ ਲੁਧਿਆਣਾ ਚਾਰ ਸਾਲ, ਸ਼ਿਵ ਸਿੰਘ ਕੋਟਲਾ ਨੌਧ ਸਿੰਘ ਤਿੰਨ ਸਾਲ, ਜਮਨਾ ਦਾਸ ਬਨਾਰਸ ਤਿੰਨ ਸਾਲ ਅਤੇ ਬਾਲ ਸਿੰਘ ਦੋ ਸਾਲ।

ਮਹਿਤਾ ਅਨੰਦ ਕਿਸ਼ੋਰ ਲਾਹੌਰ, ਬਾਬਾ ਹਰਨਾਮ ਸਿੰਘ ਭੜਾਣਾ, ਗੁਜਰ ਸਿੰਘ ਭਕਨਾ, ਕਿਸ਼ਨ ਦਾਸ ਸਾਧ, ਕਿਦਾਰ ਨਾਥ ਸਹਿਗਲ ਲਾਹੌਰ, ਡਾਕਟਰ ਹਰਦਿੱਤ ਸਿੰਘ ਅਤੇ ਨੌਰੰਗ ਸਿੰਘ ਅੰਮ੍ਰਿਤਸਰ ਬਰੀ ਕਰ ਦਿੱਤੇ ਗਏ। ਹੁਕਮ ਸਨਾਉਂਦਿਆਂ ਹੀ ਫਾਂਸੀ ਵਾਲਿਆਂ ਨੂੰ ਫਾਂਸੀ ਦੀਆਂ ਕੋਠੜੀਆਂ ਵਿੱਚ ਅਤੇ ਬਾਕੀ ਸਾਟਿਆਂ ਨੂੰ ਬੰਦ ਗੱਡੀਆਂ ਵਿੱਚ ਬੰਦ ਕਰਕੇ ਅੱਡੋ ਅੱਡ ਜੇਲ੍ਹਾਂ ਵਿੱਚ ਭੇਜ ਦਿੱਤਾ।

1914-15 ਵਾਲੇ ਦੇਸ਼ ਭਗਤਾਂ ਦੇ ਦੇਸ਼ ਨੂੰ ਰਿਹਾ ਕਰਵਾਉਣ ਦੇ ਇਸ ਯਤਨ ਦੀਆਂ ਜੜ੍ਹਾਂ ਬਹੁਤ ਦੂਰ-ਦੂਰ ਤੱਕ ਫੈਲ ਗਈਆਂ ਸਨ ਅਤੇ ਇਹ ਗ਼ਦਰ ਐਨਾ ਜ਼ਬਰਦਸਤ ਅਤੇ ਲੰਮਾ ਚੌੜਾ ਸੀ ਕਿ ਹਕੂਮਤ ਨੂੰ ਜਿਹੜੀ ਯੂਰਪ ਦੀ ਲਾਮ ਦੇ

ਕਾਰਨ ਬੜੀ ਕਪੇਚੀ ਵਿੱਚ ਫਸੀ ਹੋਈ ਸੀ, ਇਸ ਦੀ ਵਜ੍ਹਾ ਨਾਲ ਬੜਾ ਸਖਤ ਖਤਰਾ ਪੈਦਾ ਹੋ ਗਿਆ ਸੀ। ਇਸ ਖਤਰੇ ਬਾਰੇ ਉਸ ਵੇਲੇ ਦਾ ਪੰਜਾਬ ਦਾ ਗਵਰਨਰ ਸਰ ਮਾਈਕਲ ਓਡਵਾਇਰ ਇਦਾਂ ਲਿਖਦਾ ਹੈ।

"ਲਾਮ ਸਮੇਂ ਹਕੂਮਤ ਬਹੁਤ ਹੀ ਕਮਜ਼ੋਰ ਹੋ ਚੁੱਕੀ ਸੀ, ਕੇਵਲ ਤੇਰਾਂ ਹਜ਼ਾਰ ਗੋਰੇ ਸਪਾਹੀ ਸਨ, ਜਿਨ੍ਹਾਂ ਦਾ ਦਿਖਾਵਾ ਹਿੰਦੁਸਤਾਨ ਭਰ ਵਿੱਚ ਕੀਤਾ ਜਾ ਰਿਹਾ ਸੀ, ਇਹ ਵੀ ਬੁੱਢੇ ਸਨ ਜਾਂ ਬੱਚੇ। ਨੌਜਵਾਨ ਤਾਂ ਯੂਰਪ ਦੀ ਰਣਭੂਮੀ ਵਿੱਚ ਲੜ ਰਹੇ ਸਨ। ਜੇ ਇਹਨਾਂ ਹਾਲਤਾਂ ਵਿੱਚ ਸਾਨਫਰਾਂਸਿਸਕੋ ਤੋਂ ਚੱਲਣ ਵਾਲੇ ਗ਼ਦਰ ਪਾਰਟੀ ਦੇ ਸਪਾਹੀਆਂ ਦੀ ਆਵਾਜ਼ ਦੇਸ਼ ਸੁਣਦਾ ਤਾਂ ਯਕੀਨੀ ਸੀ, ਕਿ ਹਿੰਦੁਸਤਾਨ ਅੰਗਰੇਜ਼ਾਂ ਦੇ ਹੱਥੋਂ ਨਿਕਲ ਜਾਂਦਾ।"

ਇਹ ਰਾਏ ਗਵਰਨਰ ਪੰਜਾਬ ਆਪਣੀ "India as I knew it" (ਹਿੰਦੁਸਤਾਨ ਜਿਦਾਂ ਮੈਂ ਇਹਨੂੰ ਡਿੱਠਾ) ਵਿੱਚ ਦਰਜ ਕਰਦਾ ਹੈ।

ਇਹੀ ਰਾਏ ਵਾਇਸਰਾਏ ਲਾਰਡ ਹਾਰਡਿੰਗ ਅਤੇ ਹੋਰਨਾਂ ਅੰਗਰੇਜ਼ੀ ਦਾਨੇ ਆਦਮੀਆਂ ਦੀ ਸੀ।

ਸਾਫ ਪਰਗਟ ਹੈ, ਕਿ ਇਹ ਇਨਕਲਾਬੀ ਤਿਆਰੀ ਬੜੀ ਡੂੰਘੀ ਸੀ, ਅਤੇ ਕਾਮਯਾਬੀ ਦੇ ਨੇੜੇ ਪੁੱਜ ਗਈ ਸੀ। ਇਹ ਕਾਮਯਾਬ ਜ਼ਰੂਰ ਹੋ ਜਾਂਦੀ, ਜੇ ਮੁਲਕ ਦੀ ਹਵਾ ਵੀ ਇਸਦਾ ਸਾਥ ਦਿੰਦੀ।

ਪਰ ਨਕਰਮਾਂ ਦੇਸ਼ ਇਨਕਲਾਬ ਪਸੰਦਾਂ ਦਾ ਸਾਥ ਦੇਣ ਲਈ ਤਿਆਰ ਨਹੀਂ ਸੀ। ਜਾਂ ਇਦਾਂ ਕਹਿ ਲਓ ਕਿ ਹਿੰਦੁਸਤਾਨ ਦੇ ਲੀਡਰ ਅਸਲੀਅਤ ਵਲੋਂ ਅੱਖਾਂ ਬੰਦ ਕਰੀ ਬੈਠੇ ਸਨ, 1917 ਦੇ ਸਰਕਾਰੀ ਐਲਾਨ ਉੱਤੇ ਕਛਾਂ ਮਾਰ ਰਹੇ ਸਨ ਅਤੇ ਇਸ ਔਖੀ ਵੇਲੇ ਹਕੂਮਤ ਦੀ ਹਰ ਤਰ੍ਹਾਂ ਦੀ ਇਮਦਾਦ ਕਰਨ ਵਿੱਚ ਰੁਝਕੇ ਆਪਣੀ ਰਾਜਨੀਤੀ ਦੇ ਦਿਵਾਲੇ ਦਾ ਸਬੂਤ ਦੇ ਰਹੇ ਸਨ। ਮੰਦਰਾਂ, ਮਸਜਦਾਂ ਅਤੇ ਗੁਰਦਵਾਰਿਆਂ ਵਿੱਚ ਇਤਹਾਦੀ ਤਾਕਤਾਂ ਦੇ ਹੱਕ ਵਿੱਚ ਦੁਆਵਾਂ ਮੰਗੀਆਂ ਜਾ ਰਹੀਆਂ ਸਨ, ਪਰ ਦੇਸ਼ ਦੇ ਹੱਕ ਵਿਚ ਕੋਈ ਵੀ ਦੁਆ ਨਹੀਂ ਮੰਗਦਾ ਸੀ। ਉਸ ਵੇਲੇ ਦੇ ਆਗੂ ਹਿੰਦੁਸਤਾਨ ਨੂੰ ਅਜਿਹੀ ਅਗਵਾਈ ਦੇ ਰਹੇ ਸਨ, ਜੋ ਡੀ. ਵਲੇਰਾ ਤੇ ਲੈਨਿਨ ਦੀ ਪਾਲਿਸੀ ਦੇ ਬਿਲਕੁਲ ਉਲਟ ਸੀ ਅਤੇ ਨਤੀਜਿਆਂ ਵਿੱਚ ਵੀ ਜ਼ਮੀਨ

ਅਸਮਾਨ ਦਾ ਫ਼ਰਕ ਸੀ।

ਹਿੰਦੁਸਤਾਨ ਦੀ ਇਸ ਪਾਲਿਸੀ ਨੂੰ ਦੇਖਕੇ ਹਕੂਮਤ ਹਿੰਦ ਨੇ ਐਲਾਨ ਕਰ ਦਿੱਤਾ ਕਿ ਜੋ ਲੋਕ ਅਮਰੀਕਾ ਤੇ ਕੈਨੇਡਾ ਤੋਂ ਹਿੰਦੁਸਤਾਨ ਵਲ ਆ ਰਹੇ ਹਨ, ਉਹ ਤਾਂ ਹਿੰਦੀ ਹੀ ਨਹੀਂ ਹਨ। ਉਸ ਵੇਲੇ ਇਨਕਲਾਬੀਆਂ ਦਾ ਜਹਾਜ਼ ਫਿਲੇਪੀਨ ਟਾਪੂ ਦੇ ਮਨੀਲਾ ਬੰਦਰਗਾਹ ਵਿੱਚ ਹੀ ਸੀ। ਇਸੇ ਤਰ੍ਹਾਂ ਦਾ ਇੱਕ ਫਤਵਾ ਸਰਕਾਰੀ ਸਿੱਖਾਂ ਨੇ ਅਕਾਲ ਤਖਤ ਅੰਮ੍ਰਿਤਸਰ ਤੋਂ ਜਾਰੀ ਕੀਤਾ ਅਤੇ ਆਖਿਆ ਕਿ ਇਹ ਇਨਕਲਾਬ ਪਸੰਦ ਜਿਹੜੇ ਆਪਣੇ ਮੁਲਕ ਨੂੰ ਵਾਪਸ ਆ ਰਹੇ ਹਨ, ਸਿੱਖ ਨਹੀਂ ਹਨ। ਅਰਥਾਤ ਆਪਣੇ ਦੇਸ਼ ਨਾਲ ਪ੍ਰੇਮ ਕਰਨ ਦਾ ਇਨਾਮ ਇਹ ਮਿਲਿਆ ਕਿ ਅਜੇ ਦੇਸ਼ ਵਿੱਚ ਉਹਨਾਂ ਪੈਰ ਵੀ ਨਹੀਂ ਰੱਖਿਆ ਸੀ ਕਿ ਹਿੰਦੁਸਤਾਨ ਦੇ ਵਸਨੀਕੀ ਹੱਕ ਤੋਂ ਅਤੇ ਸਿੱਖ ਪੰਥ ਵਿੱਚੋਂ ਖਾਰਜ ਕਰ ਦਿੱਤੇ ਗਏ।

ਹਿੰਦੀਆਂ ਨੂੰ ਆਪਣੀਆਂ ਰਾਜਸੀ ਗਲਤੀਆਂ ਦਾ ਪਤਾ ਓਦੋਂ ਲੱਗਾ, ਜਦ ਜਲਿਆਂ ਵਾਲੇ ਬਾਗ ਵਿੱਚ ਜੰਗ ਵਿੱਚ ਕੀਤੀ ਕੁਰਬਾਨੀਆਂ ਦਾ ਸਿਲਾ ਮਿਲਿਆ, ਫੇਰ ਤਾਂ ਹਿੰਦੁਸਤਾਨੀ ਲੀਡਰ ਆਪਣੀ ਅਕਲ ਉੱਤੇ ਖ਼ੂਬ ਰੋਏ ਅਤੇ ਆਪਣੀਆਂ ਗਲਤੀਆਂ ਨੂੰ ਮੰਨਿਆ। ਪਰ ਹੁਣ ਪਛਤਾਏ ਕੀ ਹੋ ਸਕਦਾ ਸੀ।

ਅਮਰੀਕਾ ਤੇ ਕੈਨੇਡਾ ਤੋਂ ਚਲਿਆ ਹੋਇਆ ਇਹ ਜੱਥਾ ਜਿਉਂ ਜਿਉਂ ਦੇਸ਼ ਵਲ ਵੱਧਦਾ ਆਇਆ ਮੁਲਕ ਤੇ ਕੁਰਬਾਨ ਹੋਣ ਵਾਲੇ ਹੁਮ ਹੁਮਾਕੇ ਇਹਦੇ ਨਾਲ ਸ਼ਾਮਲ ਹੁੰਦੇ ਗਏ। ਜਿਸ ਤਰ੍ਹਾਂ ਬਾਬੂ ਅਮਰ ਸਿੰਘ, ਬਾਬਾ ਹਰਦਿਤ ਸਿੰਘ ਲੰਮੇ, ਕਪੂਰ ਸਿੰਘ ਮੋਹੀ, ਅਲੀ ਮੁਹੰਮਦ, ਮੁਹੰਮਦ ਮੁਸਤਫਾ, ਹਾਫਜ਼ ਅਬਦੁਲਾ, ਜੀਉਣ ਸਿੰਘ, ਮਾਈ ਗੁਲਾਬ ਕੌਰ ਤੇ ਰੈਹਮਤ ਅਲੀ ਰਾਹ ਦੇ ਟਾਪੂਆਂ ਅਰਥਾਤ ਫਿਲੇਪੀਨ, ਸਿਆਮ ਅਤੇ ਮਲਾਇਆਂ ਤੋਂ ਨਾਲ ਹੋ ਤੁਰੇ, ਬਾਬੂ ਅਮਰ ਸਿੰਘ, ਬਾਬਾ ਹਰਦਿੱਤ ਸਿੰਘ, ਕਪੂਰ ਸਿੰਘ, ਕਿਰਪਾ ਰਾਮ, ਬਾਬੂ ਹਰਨਾਮ ਸਿੰਘ, ਮੁਹੰਮਦ ਮੁਸਤਫਾ, ਅਲੀ ਮੁਹੰਮਦ, ਬੁੱਢਾ ਸਿੰਘ ਅਤੇ ਸੋਹਣ ਲਾਲ ਪੱਟੀ, ਪੁਰ ਰੰਗੂਨ ਵਿੱਚ ਬਰਮਾ ਸਾਜ਼ਿਸ਼ ਕੇਸ ਦਾ ਮੁਕੱਦਮਾ ਚਲਿਆ, ਜਿਸ ਵਿੱਚ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਵਾਲੇ ਤੇ ਸੋਹਣ ਲਾਲ ਪੱਟੀ ਨੂੰ ਫਾਂਸੀ ਦੀ ਸਜ਼ਾ ਹੋਈ, ਬਾਕੀ ਸਾਰਿਆਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ।

ਬਾਬਾ ਹਰਨਾਮ ਸਿੰਘ ਤੇ ਸਾਥੀ ਗੁਰਮੁਖ ਸਿੰਘ ਜੀ ਲਲਤੋਂ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਵਿੱਚੋਂ ਸਨ ਜਿਹੜੇ ਸਾਜ਼ਿਸ਼ ਦੇ ਮੁਕਦਮਿਆਂ ਦੀ ਫੇਟ ਵਿੱਚ ਆਏ ਅਤੇ ਉਮਰ ਕੈਦ ਦੀ ਸਜ਼ਾ ਖਾਧੀ। ਭਾਈ ਰਣਧੀਰ ਸਿੰਘ ਅਤੇ ਕਈ ਹੋਰ ਦੇਸ਼ ਭਗਤ ਬਾਹਰ ਤੋਂ ਆਉਣ ਵਾਲੇ ਬਹਾਦੁਰਾਂ ਨਾਲ ਦੇਸ਼ ਵਿੱਚੋਂ ਹੀ ਸ਼ਾਮਲ ਹੋ ਗਏ ਅਤੇ ਸਜ਼ਾ ਖਾ ਗਏ।

ਇਸਤੋਂ ਛੁੱਟ ਏਸੇ ਸਾਜ਼ਿਸ਼ ਨਾਲ ਸੰਬੰਧ ਰੱਖਣ ਕਰਕੇ ਅਮੀਰ ਸਿੰਘ ਬਾਹੋਵਾਲ, ਜਵੰਦ ਸਿੰਘ ਨੰਗਲ ਵੱਡੇ, ਰੈਹਮਤ ਅਲੀ ਜ਼ਿਲਾ ਹੁਸ਼ਿਆਰਪੁਰ, ਬਲਵੰਤ ਸਿੰਘ ਤੇ ਰੰਗਾ ਸਿੰਘ ਖੁਰਦਪੁਰ ਜਲੰਧਰ, ਬੰਤਾ ਸਿੰਘ ਤੇ ਡਾਕਟਰ ਰੂੜ ਸਿੰਘ ਸੰਘਿਵਾਲ, ਹਾਫਜ਼ ਅਬਦੁਲਾ ਜਗਰਾਵਾਂ, ਭਗਤ ਸਿੰਘ ਉਰਫ ਗਾਂਧਾ ਸਿੰਘ ਕੱਚਰਭੰਨ ਜ਼ਿਲਾ ਫਿਰੋਜ਼ਪੁਰ, ਜਗਤ ਸਿੰਘ ਬੰਝਲ, ਈਸ਼ਰ ਸਿੰਘ ਢੁੱਡੀਕੇ, ਉਤਮ ਸਿੰਘ ਹੰਸੀ, ਸੱਜਣ ਸਿੰਘ ਖਤਰਾਣਾ, ਲਾਲ ਸਿੰਘ ਸਾਹਿਬਆਣਾ, ਆਦਿ ਫਾਂਸੀ ਦੀ ਸਜ਼ਾ ਪਾ ਗਏ।

ਫਿਰੋਜ਼ਪੁਰ ਦੇ ਕਿਲੇ ਉੱਤੇ ਧਾਵਾ ਬੋਲਣ ਦੀ ਘਟਣਾ ਸੰਬੰਧੀ ਭਾਈ ਧਿਆਨ ਸਿੰਘ ਅਤੇ ਆਪਦੇ ਛੇ ਸਾਥੀ ਜੰਗਲ ਨੂੰ ਅੱਗ ਲਾਕੇ ਸਾੜ ਦਿੱਤੇ ਗਏ ਜਾਂ ਗੋਲੀ ਦਾ ਨਿਸ਼ਾਨਾ ਹੋ ਗਏ।

ਇਹ ਗ਼ਦਰ ਫੌਜਾਂ ਤੱਕ ਵੀ ਅੱਪੜ ਗਿਆ ਜਿਸ ਦਾ ਸਿੱਟਾ ਰਸਾਲਾ ਨੰਬਰ 23 ਛਾਉਣੀ ਮੀਆਂ ਮੀਰ ਦੇ ਅਠਾਰਾਂ ਅਫਸਰ ਗ੍ਰਿਫਤਾਰ ਕੀਤੇ ਗਏ, ਅੰਬਾਲੇ ਵਿੱਚ ਇਨ੍ਹਾਂ ਤੇ ਮੁਕਦਮਾਂ ਚਲਿਆ, ਬਾਰਾਂ ਫਾਂਸੀ ਤੇ ਛੇ ਉਮਰ ਕੈਦ ਕਰਕੇ ਕਾਲੇ ਪਾਣੀ ਘੱਲ ਦਿੱਤੇ ਗਏ। ਫਾਂਸੀ ਪਾਉਣ ਵਾਲਿਆਂ ਵਿੱਚੋਂ ਸਰਦਾਰ ਲਛਮਨ ਸਿੰਘ ਚੂਥੇਵੜ (ਲਾਹੌਰ) ਦਫੇਦਾਰ ਵਧਾਵਾ ਸਿੰਘ, ਮੋਤਾ ਸਿੰਘ, ਭਾਗ ਸਿੰਘ, ਤਾਰਾ ਸਿੰਘ ਰੂੜੀ ਵਾਲਾ, ਬੁੱਧ ਸਿੰਘ ਢੋਟੀਆਂ, ਜੇਠਾ ਸਿੰਘ ਤੇ ਗੁਜਰ ਸਿੰਘ ਲੌਹਕੇ, ਬੂਟਾ ਸਿੰਘ ਜੀਉਵਾਲਾ (ਅੰਮ੍ਰਿਤਸਰ) ਅਤੇ ਅਬਦੁਲਾ ਖਾਂ ਜੇਹਲਮ ਦੇ ਨਾਂ ਹਨ। ਉਮਰ ਕੈਦ ਦੀ ਸਜ਼ਾ ਪਾਉਣ ਵਾਲਿਆਂ ਵਿੱਚੋਂ ਹੇਠ ਲਿਖੇ ਸਰਦਾਰ ਸੀ। ਸਰਦਾਰ ਨੰਦ ਸਿੰਘ ਬੁਰਜ ਰਾਏ ਕੇ, ਚੰਨਣ ਸਿੰਘ ਢੰਡ ਬਿਸ਼ਨ ਸਿੰਘ, ਨੱਥਾ ਸਿੰਘ, ਮੇਹਰ ਸਿੰਘ ਤੇ ਬਿਸ਼ਨ ਸਿੰਘ ਢੋਟੀਆਂ (ਅੰਮ੍ਰਿਤਸਰ) ਏਸੇ ਤਰ੍ਹਾਂ ਤਿੰਨਾਂ ਸਰਦਾਰਾਂ ਨੂੰ ਮੇਰਠ ਵਿੱਚ ਫਾਂਸੀ ਦੀ ਸਜ਼ਾ ਹੋਈ।

ਬਾਬਾ ਹਰਨਾਮ ਸਿੰਘ, ਕਾਲਾ ਸਿੰਘ ਤੇ ਬਾਬਾ ਵਸਾਵਾ ਸਿੰਘ ਗਿਲਵਾਲੀ, ਜਿਨ੍ਹਾਂ ਨਾਲ ਕੁਝ ਹੋਰ ਸਾਥੀ ਵੀ ਸਨ, ਲਾਹੌਰ ਵਿੱਚ ਬੰਬ ਚਲਣ ਬਾਰੇ ਗ੍ਰਿਫਤਾਰ ਹੋਏ ਅਤੇ ਉਮਰ ਕੈਦ ਦੀ ਸਜ਼ਾ ਹੋਈ।

ਸਿੰਘਾਪੁਰ ਵਿੱਚ ਐਨ ਨੀਯਤ ਸਮੇਂ ਤੇ ਗ਼ਦਰ ਹੋ ਗਿਆ ਸੀ ਅਤੇ ਕਿਲ੍ਹਾ ਸਿੰਘਾਪੁਰ ਉਤੇ ਹਿੰਦੀ ਇਨਕਲਾਬੀਆਂ ਦਾ ਅੱਠ ਦਿਨ ਕਬਜ਼ਾ ਰਿਹਾ। ਇਸ ਮੋਰਚੇ ਵਿੱਚ ਬਾਰਾਂ ਸੌ ਗੋਰੇ ਮਾਰੇ ਗਏ, ਜੇ ਜਪਾਨੀਆਂ ਦੀ ਫੌਜ ਗੋਲਾ ਬਾਰੀ ਕਰਕੇ ਅੰਗਰੇਜ਼ਾਂ ਦਾ ਸਾਥ ਨਾ ਦਿੰਦੀ, ਤਾਂ ਕੁਝ ਹੋਰ ਹੀ ਰੰਗ ਖਿੜਦਾ। ਅੱਠਾਂ ਦਿਨਾਂ ਤੋਂ ਪਿੱਛੋਂ ਕਿਲ੍ਹਾ ਖੁਸ ਜਾਣ ਤੇ ਸਿੰਘਾਪੁਰ ਦੀ ਇਨਕਲਾਬੀ ਫੌਜ ਦੇ ਬਹੁਤ ਸਾਰੇ ਸਿਪਾਹੀ ਗੋਲੀ ਨਾਲ ਉਡਾ ਦਿੱਤੇ ਗਏ ਅਤੇ ਬਾਕੀ ਕਾਲੇ ਪਾਣੀ ਘੱਲ ਦਿੱਤੇ ਗਏ। ਆਹ! ਆਜ਼ਾਦੀ ਦੇ ਰਾਹ ਉੱਤੇ ਕਿੰਨੀਆਂ ਕੁਰਬਾਨੀਆਂ ਹੋ ਚੁੱਕੀਆਂ ਹਨ।

ਜੇਲ੍ਹ ਯਾਤਰਾ

ਬਾਬਾ ਜਵਾਲਾ ਸਿੰਘ ਜੀ ਨੂੰ ਰਾਵਲਪਿੰਡੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਆਪਦੇ ਅੰਦਰੋਂ ਅਜੇ ਇਨਕਲਾਬੀ ਅੱਗ ਮੱਠੀ ਨਹੀਂ ਸੀ ਹੋਈ। ਆਪਨੇ ਉਥੇ ਜੇਹਲ ਦੇ ਕੈਦੀਆਂ ਤੇ ਵਾਰਡਰਾਂ ਨਾਲ ਐਸਾ ਗਾਂਢਾ ਸਾਂਢਾ ਕਰ ਲਿਆ ਕਿ ਬਹੁਤ ਸਾਰੇ ਹਥਿਆਰ ਅਤੇ ਬੰਬ ਬਨਾਉਣ ਦਾ ਮਸਾਲਾ ਪ੍ਰਾਪਤ ਕਰਨ ਵਿੱਚ ਆਪ ਕਾਮਯਾਬ ਹੋ ਗਏ। ਜੇਲ੍ਹ ਵਾਲਿਆਂ ਨੂੰ ਪਤਾ ਲੱਗ ਜਾਣ ਤੇ ਮਸਾਲਾ ਫੜਿਆ ਗਿਆ। ਜਿਸ ਕਰਕੇ ਬਾਬਾ ਜੀ ਤੇ ਆਪ ਦੇ ਸਾਥੀ ਕੈਦੀ ਅੰਡੇਮਾਨ ਜੇਲ੍ਹ ਵਿੱਚ ਬਦਲ ਦਿੱਤੇ ਗਏ, ਅੰਡੇਮਾਨ ਵਿੱਚ ਪੁੱਜਕੇ ਆਦਿਤ ਅਨੁਸਾਰ ਬਾਬਾ ਜੀ ਤੇ ਆਪਦੇ ਸਾਥੀਆਂ ਨੇ ਆਪਣੀ ਅਡੋਲਤਾ, ਦ੍ਰਿੜਤਾ ਅਤੇ ਗਰੀਬ ਨਿਵਾਜ਼ੀ ਦਾ ਸਬੂਤ ਦਿੱਤਾ। ਜੇਲ੍ਹ ਵਿੱਚ ਕੈਦੀਆਂ ਤੋਂ ਤੀਹ ਪੌਂਡ ਨਾਰੀਅਲ ਦਾ ਤੇਲ ਕਢਵਾਇਆ ਜਾਂਦਾ ਸੀ। ਏਸ ਸਖਤ ਮੁਸ਼ੱਕਤ ਤੋਂ ਤੰਗ ਆਕੇ ਤਿੰਨ ਚਾਰ ਕੈਦੀ ਹਰ ਮਹੀਨੇ ਆਤਮ ਘਾਤ ਕਰ ਲੈਂਦੇ ਸਨ। ਬਾਬਾ ਜਵਾਲਾ ਸਿੰਘ ਜੀ ਤੇ ਆਪ ਦੇ ਸਾਥੀਆਂ ਨੇ ਇਸ ਗੈਰ ਇਨਸਾਨੀ ਕਾਇਦੇ ਵਿਰੁੱਧ ਰੋਸ ਪ੍ਰਗਟ ਕੀਤਾ ਅਤੇ ਖੁਦ ਆਪ ਇਸ ਮੁਸ਼ਕੱਤ ਨੂੰ ਹੱਥ ਲਾਉਣ ਤੋਂ ਇਨਕਾਰੀ ਹੋ ਗਏ, ਜੇਲ੍ਹ ਦੇ ਹਾਕਮਾਂ ਨੇ ਏਸ ਇਵਜ਼ ਵਿੱਚ ਛੇ ਛੇ ਮਹੀਨੇ ਖੜੀ

ਹੱਥਕੜੀ, ਛੇ ਛੇ ਮਹੀਨੇ ਕੋਠੀ ਬੰਦ ਰੱਖਣ ਡੰਡਾ ਬੇੜੀ ਤੇ "ਘੱਟ ਖੁਰਾਕ" ਦੀਆਂ ਸਜ਼ਾਵਾਂ ਦਿੱਤੀਆਂ ਅਤੇ ਕੁਝ ਸਿਰ ਕੱਢ ਕੈਦੀਆਂ ਲਈ ਲੋਹੇ ਦੇ ਪਿੰਜਰੇ ਬਨਵਾਏ ਗਏ, ਜਿਨ੍ਹਾਂ ਵਿੱਚ ਬਾਬਾ ਜਵਾਲਾ ਸਿੰਘ ਜੀ ਤੇ ਉਨ੍ਹਾਂ ਦੇ ਖਾਸ ਖਾਸ ਸਾਥੀ ਚਾਰ ਸਾਲ ਤੱਕ ਬੰਦ ਰਹੇ। ਏਸ ਸਮੇਂ ਵਿੱਚ ਇਨ੍ਹਾਂ ਕੈਦੀਆਂ ਨੇ ਨਾਂ ਕਦੀਂ ਬਾਹਰ ਦੀ ਹਵਾ ਖਾਧੀ ਅਤੇ ਨਾਂ ਸੂਰਜ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਦੇਸ਼ ਪਿਆਰ ਦੀ ਲਗਣ ਵਿੱਚ ਕੀ ਕੀ ਮੁਸੀਬਤਾਂ ਸਹਾਰਨੀਆਂ ਪੈਂਦੀਆਂ ਹਨ।

ਅੰਡੇਮਾਨ ਦੇ ਦੋਜ਼ਖ ਦੀਆਂ ਮੁਸੀਬਤਾਂ ਦਾ ਚਰਚਾ ਅਜਿਹਾ ਆਮ ਹੋ ਗਿਆ ਸੀ ਕਿ ਜਦ 1919-20 ਵਿੱਚ ਦੇਸ਼ ਵਿੱਚ ਰਾਜਸੀ ਐਜੀਟੇਸ਼ਨ ਨੇ ਇੱਕ ਖਾਸ ਗਰਮੀ ਪੈਦਾ ਕੀਤੀ ਤਾਂ ਨਾਲ ਹੀ ਹਿੰਦੁਸਤਾਨੀ ਇਹ ਮੰਗ ਕਰ ਰਹੇ ਸਨ ਕਿ ਅੰਡੇਮਾਨ ਜੇਲ੍ਹ ਕਤਈ ਤੌਰ ਤੇ ਬੰਦ ਕਰ ਦਿੱਤੀ ਜਾਵੇ।

1920 ਸਮੇਂ ਰਾਇਲ ਅੰਡੇਮਾਨ ਕਮਿਸ਼ਨਰ ਨੇ ਅੰਡੇਮਾਨ ਦੇ ਟਾਪੂਆਂ ਦਾ ਦੌਰਾ ਕੀਤਾ, ਤੇ ਉਥੋਂ ਦੀ ਭੈੜੀ ਹਾਲਤ ਨੂੰ ਦੇਖਕੇ ਰਾਜਸੀ ਕੈਦੀਆਂ ਨੂੰ ਮੁਲਕ ਦੀਆਂ ਜੇਲ੍ਹਾਂ ਵਿੱਚ ਬਦਲ ਦੇਣ ਦੀ ਸਫਾਰਿਸ਼ ਕੀਤੀ ਅਰਥਾਤ ਰਾਜਸੀ ਕੈਦੀਆਂ ਲਈ ਅੰਡੇਮਾਨ ਜੇਲ੍ਹ ਬੰਦ ਕਰ ਦਿੱਤੀ ਗਈ। ਬਾਬਾ ਜੀ ਤੇ ਆਪ ਦੇ ਸਾਥੀ 1921 ਵਿੱਚ ਦੇਸ਼ ਦੀਆਂ ਜੇਲ੍ਹਾਂ ਵਿੱਚ ਅਹਾਤੇ ਬੰਗਾਲ ਵਿੱਚ ਵਾਪਸ ਲਿਆਂਦੇ ਗਏ।

ਪਰ ਏਸ ਤੋਂ ਪਹਿਲਾਂ ਰਾਜਸੀ ਕੈਦੀ ਅੰਡੇਮਾਨ ਦੇ ਨਰਕ ਤੋਂ ਛੁੱਟੇ, ਜੇਲ੍ਹ ਦੀ ਬਦਸਲੂਕੀ, ਗੰਦੀ ਖੁਰਾਕ ਤੇ ਭੈੜੇ ਜਲ ਵਾਯੂ ਦੇ ਨਤੀਜੇ ਸਦਕਾ ਹੇਠ ਲਿਖੇ ਸਾਥੀ ਸ਼ਹੀਦ ਹੋ ਚੁੱਕੇ ਹਨ।

ਕੇਹਰ ਸਿੰਘ ਮਰਹਾਣਾ, ਨੰਦ ਸਿੰਘ ਬੁਰਜ, ਨੱਥਾ ਸਿੰਘ ਢੋਟੀਆਂ, ਬੁੱਢਾ ਸਿੰਘ ਗੁਜਰਾਤ, ਭਾਨ ਸਿੰਘ ਸਨੇਤ (ਲੁਧਿਆਣਾ), ਰੁਲੀਆ ਸਿੰਘ ਸਰਾਭਾ, ਰਾਮ ਰਖਾ ਹੁਸ਼ਿਆਰਪੁਰ ਅਤੇ ਰੋਡਾ ਸਿੰਘ ਲੰਡੇ।

ਜੇਹੜੇ ਮੌਤ ਦੇ ਮੂੰਹ ਤੋਂ ਬਚ ਗਏ ਸਨ ਓਹ ਕੇਵਲ ਹੱਡੀਆਂ ਦਾ ਪਿੰਜਰ ਹੀ ਰਹਿ ਗਏ ਸਨ, ਅੰਡੇਮਾਨ ਦਾ ਜਲ ਵਾਯੂ ਏਨਾ ਖਰਾਬ ਸੀ ਕਿ ਕਮਿਸ਼ਨ ਦਾ ਇੱਕ ਮੈਂਬਰ ਮਲੇਰੀਆ ਜਿਰਮਾਂ ਦਾ ਅਜਿਹਾ ਸ਼ਕਾਰ ਹੋਇਆ ਕਿ ਲਾਹੌਰ ਪੁੱਜਕੇ ਉਹ ਏਸੇ ਬੀਮਾਰੀ ਨਾਲ ਪ੍ਰਲੋਕ ਦੇ ਸਫਰ ਤੇ ਚਲਿਆ ਗਿਆ।

ਪ੍ਰੇਮ ਦਾ ਇਵਜ਼, ਬੈਂਤ ਦੀ ਸਜ਼ਾ

ਅੰਡੇਮਾਨ ਜੇਲ੍ਹ ਤੋਂ ਮੁੜੇ ਆਏ ਪੰਜਾਬੀ ਕੈਦੀਆਂ ਲਈ ਰੋਟੀ ਦਾ ਇੰਤਜ਼ਾਮ ਅਲੱਗ ਸੀ, ਜੇਲ੍ਹ ਦੇ ਕਾਇਦੇ ਅਨੁਸਾਰ ਉਨ੍ਹਾਂ ਨੂੰ ਪੰਜਾਬੀ ਰਾਸ਼ਨ ਮਿਲਦਾ ਸੀ, ਏਹ ਮੋਪਲਿਆਂ ਦੇ ਗ਼ਦਰ ਦਾ ਜ਼ਮਾਨਾ ਸੀ ਅਤੇ ਮੋਪਲੇ ਕੈਦੀ ਸੈਂਕੜੇ, ਹਜ਼ਾਰਾਂ ਦੀ ਗਿਣਤੀ ਵਿੱਚ ਕੈਂਮਬਟੋਰ ਜੇਲ੍ਹ ਵਿੱਚ ਜਿੱਥੇ ਬਾ. ਜਵਾਲਾ ਸਿੰਘ ਜੀ ਬੰਦ ਸਨ ਲਿਆਂਦੇ ਜਾ ਰਹੇ ਸਨ ਜਿਨ੍ਹਾਂ ਲਈ ਨਾ ਖਾਣ ਪੀਣ ਦਾ ਤੇ ਨਾਂ ਰਹਾਇਸ਼ ਦਾ ਕੋਈ ਇੰਤਜਾਮ ਸੀ। ਬਾਬਾ ਜੀ ਨੂੰ ਮੋਪਲਿਆਂ ਦੇ ਬੱਚਿਆਂ ਤੇ ਜੋ ਭੁੱਖ ਨਾਲ ਮਰ ਰਹੇ ਸਨ ਬੜਾ ਤਰਸ ਆਇਆ ਤੇ ਆਪਣੇ ਰਾਸ਼ਨ ਵਿੱਚੋਂ ਖੁਦ ਭੁੱਖੇ ਰਹਿਕੇ ਮੋਪਲਿਆਂ ਨੂੰ ਰੋਟੀਆਂ ਵੰਡਵਾ ਕੇ ਦੇਣੀਆਂ ਸ਼ੁਰੂ ਕਰ ਦਿੱਤੀਆਂ, ਜੇਲ੍ਹ ਦੇ ਹਾਕਮਾਂ ਨੇ ਐਸਾ ਕਰਨ ਤੋਂ ਆਪ ਨੂੰ ਮਨਾ ਕੀਤਾ ਕਿਉਂਕਿ 'ਕੈਦੀ ਅਪਨਾ ਰਾਸ਼ਨ ਦੂਸਰੇ ਕੈਦੀਆਂ ਨੂੰ ਨਹੀਂ ਦੇ ਸਕਦਾ' ਪਰ ਬਾਬਾ ਜੀ ਨੇ ਅਪਨਾ ਕੰਮ ਉਸੇ ਤਰ੍ਹਾਂ ਜਾਰੀ ਰੱਖਿਆ। ਕਿਉਂਕਿ ਆਪ ਆਪਣੇ ਮੁਲਕ ਦੇ ਮਸੂਮ ਬੱਚਿਆਂ ਨੂੰ ਰੋਟੀ ਦੇ ਟੁਕੜਿਆਂ ਤੋਂ ਵਿਲਕਦੇ ਨਹੀਂ ਦੇਖ ਸਕਦੇ ਸਨ।

ਇਹਨਾਂ ਹੀ ਦਿਨਾਂ ਵਿੱਚ ਇਨ੍ਹਾਂ ਦੇ ਕੁਝ ਸਾਥੀ ਹਜ਼ਾਰੀ ਬਾਗ ਜੇਲ੍ਹ ਤੋਂ ਕੈਮਬਟੋਰ ਵਿੱਚ ਤਬਦੀਲ ਕਰ ਦਿੱਤੇ ਗਏ। ਹਜ਼ਾਰੀ ਬਾਗ ਜੇਲ੍ਹ ਵਿੱਚ ਇਹਨਾਂ ਨੂੰ ਪੰਜਾਬੀ ਰਾਸ਼ਨ ਮਿਲਦਾ ਸੀ। ਪਰ ਇਥੇ ਨਾ ਮਿਲਣ ਦੀ ਵਜਾਹ ਨਾਲ ਅਤੇ ਜੇਲ੍ਹ ਦੇ ਹਾਕਮਾਂ ਦੀ ਬਦਸਲੂਕੀ ਵਿਰੁੱਧ ਪਰੋਟੈਸਟ ਕੀਤਾ ਤੇ ਭੁੱਖ ਹੜਤਾਲ ਕਰ ਦਿੱਤੀ ਤਾਂ ਬਾਬਾ ਜੀ ਵੀ ਭੁੱਖ ਹੜਤਾਲ ਵਿੱਚ ਉਹਨਾਂ ਨਾਲ ਸ਼ਾਮਲ ਹੋ ਗਏ। ਜੇਲ੍ਹ ਹਾਕਮਾਂ ਦੇ ਦਿਲ ਵਿੱਚ ਗੁੱਸਾ ਤਾਂ ਇਸ ਗੱਲ ਦਾ ਸੀ, ਕਿ ਬਾਬਾ ਜੀ ਆਪਣੇ ਰਾਸ਼ਨ ਵਿੱਚੋਂ ਮੋਪਲਿਆਂ ਦੀ ਸਹਾਇਤਾ ਕਰਦੇ ਸਨ ਅਤੇ ਮਨਾ ਕਰਨ ਉੱਤੇ ਵੀ ਬਾਜ ਨਹੀਂ ਸੀ ਰਹਿੰਦੇ। ਹੁਣ ਹਾਕਮਾਂ ਨੂੰ ਬਹਾਨਾ ਮਿਲ ਗਿਆ ਅਤੇ ਬਾਬਾ ਜੀ ਨੂੰ ਤੀਹ ਬੈਂਤਾਂ ਦੀ ਸਜ਼ਾ ਦਿੱਤੀ ਗਈ। ਬਾਬਾ ਜੀ ਨੇ ਅੱਗੇ ਵਾਂਗ ਹੀ ਹੱਸ-ਹੱਸ ਕੇ ਸਜ਼ਾ ਬਰਦਾਸ਼ਤ ਕੀਤੀ। ਕਹਿੰਦੇ ਹਨ, ਕਿ ਬਾਬਾ ਚੂਹੜ ਸਿੰਘ ਜੀ ਨੂੰ ਜਿਹੜੇ ਆਪਦੇ ਨਾਲ ਭੁੱਖ ਹੜਤਾਲ ਵਿੱਚ ਸ਼ਾਮਲ ਹੋਏ ਸਨ, ਬੈਂਤ ਲੱਗਣ ਵੇਲੇ ਆਪ ਦੇ ਪਾਸ ਖਲਹਾਰੇ ਗਏ।

ਜਦ ਬਾਬਾ ਜਵਾਲਾ ਸਿੰਘ ਜੀ ਨੂੰ ਟਿਕ ਟਿਕੀ ਤੋਂ ਉਤਾਰਿਆ ਗਿਆ, ਤਾਂ ਬਾਬਾ ਜੀ ਨੇ ਆਖਿਆ, ਕਿ "ਹੁਣ ਮੈਨੂੰ ਟਿਕਟਿਕੀ ਤੇ ਚੜ੍ਹਾਇਆ ਜਾਏ, ਕਿਉਂਕਿ ਮੈਂ ਵੀ ਇਹੀ ਜੁਰਮ ਕੀਤਾ ਹੈ" ਪਰ ਬਾਬਾ ਜੀ ਨੂੰ ਸਜ਼ਾ ਦੇਣ ਦੀ ਹਿੰਮਤ ਕਿਸੇ ਨੂੰ ਨਾ ਪਈ।

ਅਖੀਰ ਬਾਬਾ ਜੀ ਨੂੰ ਇਸ ਜੇਲ੍ਹ ਤੋਂ ਵੀ ਬਦਲ ਦਿੱਤਾ ਗਿਆ। ਬਾਬਾ ਸੋਹਣ ਸਿੰਘ ਅਤੇ ਬਾਬਾ ਚੂਹੜ ਸਿੰਘ ਜੀ ਨੂੰ ਪੂਨੇ ਵਿੱਚ, ਚੰਦ ਸਾਥੀਆਂ ਨੂੰ ਜਬਲਪੁਰ ਅਤੇ ਬਾਬਾ ਜਵਾਲਾ ਸਿੰਘ ਜੀ ਨੂੰ ਭੰਡਾਰਾ ਜੇਲ੍ਹ ਸੀ.ਪੀ. ਵਿੱਚ ਬਦਲ ਦਿੱਤਾ ਗਿਆ ਇਸੇ ਜੇਲ੍ਹ ਵਿੱਚ ਜੇਲ੍ਹ ਹਾਕਮਾਂ ਦੀ ਬਦਸਲੂਕੀ ਵਿਰੁੱਧ ਆਪਨੂੰ ਜਾਨ ਦੀ ਬਾਜ਼ੀ ਲਾਉਣੀ ਪਈ। ਆਪ ਨੇ ਆਪਣੇ ਸਾਥੀਆਂ ਸਣੇ ਭੁੱਖ ਹੜਤਾਲ ਕਰ ਦਿੱਤੀ ਇਹ ਹੜਤਾਲ ਡੇਢ ਸਾਲ ਤੱਕ ਜਾਰੀ ਰਹੀ। ਇਸ ਸਮੇਂ ਵਿੱਚ ਆਪਦਾ ਵਜ਼ਨ ਦੋ ਸੌ ਪੌਂਡ ਤੋਂ ਕੇਵਲ 100 ਪੌਂਡ ਰਹਿ ਗਿਆ। ਇਸੇ ਭੁੱਖ ਹੜਤਾਲ ਦੇ ਸਿਲਸਿਲੇ ਵਿੱਚ ਰਾਜਿੰਦਰ ਸਿੰਘ ਨੌਸ਼ਹਿਰਾ ਪਨਵਾਂ ਵਾਲੇ ਅਮਰਾਉਤੀ ਜੇਲ੍ਹ ਵਿੱਚ ਸ਼ਹੀਦ ਹੋ ਗਏ ਅਤੇ ਮਸ਼ਹੂਰ ਹੋ ਗਿਆ ਸੀ, ਕਿ ਬਾਬਾ ਜਵਾਲਾ ਸਿੰਘ ਵੀ ਸ਼ਹੀਦ ਹੋ ਗਏ ਹਨ। ਅਖੀਰ ਬਾਬਾ ਵਸਾਖਾ ਸਿੰਘ ਜੀ ਆਪਦੀ ਮੁਲਾਕਾਤ ਲਈ ਭੰਡਾਰੇ ਅਪੜੇ ਅਤੇ ਬਾਬਾ ਜੀ ਨੂੰ ਭੁੱਖ ਹੜਤਾਲ ਛੱਡਣ ਤੇ ਰਜਾਵੰਦ ਕਰ ਲਿਆ। ਪਰ ਰਜ਼ਾਵੰਦੀ ਤੋਂ ਪਹਿਲਾਂ ਬਾਬਾ ਜੀ ਨੇ ਆਪਣੀਆਂ ਸਭ ਮੰਗਾਂ ਇੱਕ-ਇੱਕ ਕਰਕੇ ਮਨਵਾ ਲਈਆਂ ਸਨ।

ਗੱਲ ਕੀ ਬਾਬਾ ਜਵਾਲਾ ਸਿੰਘ ਜੀ ਕੁਰਬਾਨੀ ਅਤੇ ਬੇਖੌਫੀ ਵਿੱਚ ਨਿਪੁੰਨ ਸਨ। ਇਸ ਨੂੰ ਆਪਦੇ ਦੋਸਤ ਤੇ ਦੁਸ਼ਮਣ ਸਭ ਮੰਨਦੇ ਸਨ।

ਦੇਸ਼ ਦਾ ਲੋਰ ਤੇ ਦ੍ਰਿੜਤਾ

1915 ਤੋਂ ਲੈ ਕੇ 1933 ਵਿੱਚ ਬਾਬਾ ਜੀ ਭਿੰਨ-ਭਿੰਨ ਜੇਲ੍ਹਾਂ ਵਿੱਚ ਬੰਦੀ ਦੀ ਜ਼ਿੰਦਗੀ ਗੁਜ਼ਾਰਦੇ ਰਹੇ। ਛੇ ਸਾਲ ਅੰਡੇਮਾਨ ਜੇਲ੍ਹ ਵਿੱਚ ਗੁਜ਼ਾਰੇ। ਆਪਦੇ ਜੇਲ੍ਹੀ ਸਾਥੀ ਦੱਸਦੇ ਹਨ, ਕਿ ਇਸ ਸਖਤ ਤਪੱਸਿਆ ਸਮੇਂ ਆਪਦੇ ਦਿਲ ਉੱਤੇ ਵੀ ਉਦਾਸੀ ਨਹੀਂ ਆਈ, ਨਾ ਹੀ ਆਪਦੇ ਹਸਮੁਖ ਚਿਹਰੇ ਉੱਤੇ ਕਦੇ ਵਲ ਪਿਆ ਆਪ ਨੇ ਹਰ ਮੁਸੀਬਤ ਨੂੰ ਮਰਦਾਂ ਵਾਂਗ ਬਰਦਾਸ਼ਤ ਕੀਤਾ। ਕਿਤੇ ਆਪਨੂੰ ਕਛਹਿਰੇ ਤੇ

ਪਗੜੀ ਲਈ ਜਦੋ-ਜਹਿਦ ਅਤੇ ਭੁੱਖ ਹੜਤਾਲ ਕਰਨੀ ਪਈ। ਕਿਤੇ ਟੋਪੀ ਵਿਰੁੱਧ ਸਾਲਾਂ ਤੱਕ ਲੋਹੇ ਦੇ ਪਿੰਜਰੇ ਵਿੱਚ ਬੰਦ ਰਹਿਣਾ ਪਿਆ, ਜਿਸ ਕਰਕੇ ਆਪ ਸੂਰਜ ਭਗਵਾਨ ਦੇ ਦਰਸ਼ਨ, ਸੈਰ ਅਤੇ ਤਾਜ਼ੀ ਹਵਾ ਤੋਂ ਚਾਰ ਸਾਲ ਤੱਕ ਵਾਂਝੇ ਰਹੇ। ਕਈ ਵਾਰੀਂ ਆਪ ਨੂੰ ਆਪਣੀ ਸਚਾਈ, ਮੂੰਹ ਤੇ ਗਲ ਆਖਣ ਅਤੇ ਨਿਡਰਤਾ ਬਦਲੇ ਬੈਂਤਾਂ ਦੀ ਸਜ਼ਾ ਖਾਧੀ। ਸਾਡੇ ਬਹਾਦਰ ਬਾਬਾ ਜੀ ਨੇ ਦੇਸ਼ ਸੇਵਾ ਦੇ ਲੋਰ ਵਿੱਚ ਸਭ ਮੁਸੀਬਤਾਂ ਨੂੰ ਸਤਕਾਰਿਆ ਅਤੇ ਜ਼ਬਾਨੋਂ ਕਦੇ ਸ਼ਕੈਤ ਤੱਕ ਨਹੀਂ ਕੀਤੀ। ਜੇ ਆਪ ਨੂੰ ਸ਼ਰਤਾਂ ਬੱਝਵੀਂ ਰਿਹਾਈ ਦੀ ਲੋੜ ਹੁੰਦੀ, ਤਾਂ ਇਸ ਦੋਜ਼ਖ ਤੋਂ ਕਦੋ ਦੇ ਰਿਹਾ ਹੋ ਗਏ ਹੁੰਦੇ। ਪਰ ਤਸ਼ੱਦਦ ਅਤੇ ਸਖਤੀ ਸਾਹਵੇਂ ਸਿਰ ਨਿਵਾਉਣਾ ਆਪ ਅਤੇ ਆਪ ਦੇ ਸਾਥੀਆਂ ਦੀ ਆਦਤ ਤੋਂ ਉਲਟ ਸੀ।

ਰਿਹਾਈ

ਬਾਬਾ ਜੀ ਦੇ ਬਹੁਤ ਸਾਰੇ ਸਾਥੀ ਆਪ ਤੋਂ ਪਹਿਲਾਂ ਰਿਹਾ ਹੋ ਚੁੱਕੇ ਸਨ। ਬਾਬਾ ਵਸਾਖਾ ਸਿੰਘ ਜੀ, ਬਾਬਾ ਸੋਹਣ ਸਿੰਘ ਜੀ ਅਤੇ ਬਾਬਾ ਅਰੂੜ ਸਿੰਘ ਜੀ.ਐਮ.ਐਲ. ਏ. ਬਾਹਰ ਆ ਚੁੱਕੇ ਸਨ। 1914-15 ਵਾਲੇ ਦੇਸ਼ ਭਗਤਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਸਨ। ਉਹਨਾਂ ਦੀ ਸਿਹਤ ਤਬਾਹ ਹੋ ਚੁੱਕੀ ਸੀ। ਉਹ ਜਵਾਨ ਗਏ ਸਨ ਤੇ ਹੁਣ ਬਾਬੇ ਬਣ ਚੁੱਕੇ ਸਨ। ਇਸ ਉਤੇ ਵੀ ਹਕੂਮਤ ਨੇ ਇਹਨਾਂ ਨੂੰ ਰਿਹਾ ਨਹੀਂ ਕੀਤਾ ਸੀ। ਇਸ ਬੇਇਨਸਾਫੀ ਵਿਰੁੱਧ ਬਾਬਾ ਚੂਹੜ ਸਿੰਘ ਅਤੇ ਬਾਬਾ ਨੰਦ ਸਿੰਘ ਨੇ ਭੁੱਖ ਹੜਤਾਲ ਕੀਤੀ। ਰਿਹਾ ਹੋ ਚੁੱਕੇ ਸਾਥੀਆਂ ਨੇ ਆਪਣੇ ਸੰਗੀ ਕੈਦੀਆਂ ਦੀ ਰਿਹਾਈ ਲਈ ਅਵਾਜ਼ ਚੁੱਕੀ, ਅਤੇ ਪੰਜਾਬ ਵਿੱਚ 1914-15 ਦੇ ਰਹਿੰਦੇ ਕੈਦੀਆਂ ਲਈ ਇੱਕ ਸਖਤ ਐਜੀਟੇਸ਼ਨ ਸ਼ੁਰੂ ਹੋ ਗਈ। ਜਿਸਦਾ ਸਿੱਟਾ ਇਹ ਹੋਇਆ ਕਿ ਭੁੱਖ ਹੜਤਾਲੀ ਤੇ ਉਹਨਾਂ ਦੇ ਸੰਗੀ ਕੈਦੀ ਹਕੂਮਤ ਪੰਜਾਬ ਨੂੰ ਛਡਨੇ ਪਏ ਅਤੇ ਬਾਬਾ ਜਵਾਲਾ ਸਿੰਘ ਜੀ ਵੀ 1933 ਵਿੱਚ ਰਿਹਾ ਹੋ ਗਏ।

ਇਸ ਸਮੇਂ ਵਿੱਚ ਕਾਮਰੇਡ ਗੁਰਮੁਖ ਸਿੰਘ ਅਤੇ ਪ੍ਰਿਥਵੀ ਸਿੰਘ ਕਾਬਲ ਵਿੱਚ ਫੜੇ ਗਏ। ਇਹਨਾਂ ਦੀ ਰਿਹਾਈ ਵਾਸਤੇ ਹਕੂਮਤ ਅਫਗਾਨਿਸਤਾਨ ਵਿਰੁੱਧ ਦੁਨੀਆਂ ਭਰ ਵਿੱਚ ਜੋ ਐਜੀਟੇਸ਼ਨ ਹੋਈ, ਇਸਦਾ ਖੋਹਲ ਕੇ ਵਰਨਣ ਕਰਨ ਦੀ

ਇੱਥੇ ਲੋੜ ਨਹੀਂ। ਕੇਵਲ ਇਤਨਾਂ ਕਹਿਣਾ ਹੀ ਕਾਫੀ ਹੈ, ਕਿ ਪੰਜਾਬ ਵਿੱਚ ਇਹ ਐਜੀਟੇਸ਼ਨ ਬੜੇ ਜ਼ੋਰਾਂ ਤੇ ਚਲੀ ਸੀ ਅਤੇ ਬਾਬਾ ਜਵਾਲਾ ਸਿੰਘ ਨੇ ਰਿਹਾ ਹੁੰਦਿਆਂ ਹੀ ਇਸ ਐਜ਼ੀਟੇਸ਼ਨ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ ਸੀ ਤੇ ਕਾਬਲ ਦੀ ਹਕੂਮਤ ਨੂੰ ਅਖੀਰ ਪਬਲਿਕ ਅਵਾਜ਼ ਅੱਗੇ ਝੁਕਨਾ ਪਿਆ।

ਇਹਨੀ ਦਿਨੀਂ ਸ਼ਹੀਦ ਭਾਈ ਭਾਗ ਸਿੰਘ ਦੀ ਸਪੁੱਤਰੀ ਬੀਮਾਰ ਸੀ। ਜ਼ਰੂਰਤ ਸੀ, ਕਿ ਉਸਦੀ ਸੰਭਾਲ ਕਿਸੇ ਅਜਿਹੇ ਪੁਰਸ਼ ਦੇ ਹੱਥੀਂ ਸੌਂਪੀ ਜਾਏ, ਜੋ ਇਸਨੂੰ ਲੜਕੀ ਸਮਝਕੇ ਇਸ ਦੀ ਸੇਵਾ ਕਰੇ। ਬਾਬਾ ਜਵਾਲਾ ਸਿੰਘ ਜੀ ਦੇ ਸਿਵਾ ਹੋਰ ਕੌਣ ਸੀ, ਜੋ ਆਪਣਾ ਸਾਰਾ ਵਕਤ ਅਤੇ ਧਿਆਨ ਇਸ ਬੰਨੇ ਵਲ ਲਾਵੇ। ਸੋ ਬਾਬਾ ਜੀ ਨੇ ਆਪਣੇ ਸਾਥੀ ਜੀ ਦੀ ਸਪੁੱਤਰੀ ਲਈ ਉਸਦੇ ਪਿਤਾ ਦੀ ਥਾਂ ਪੂਰ ਕੀਤੀ। ਬਾਬਾ ਜੀ ਮਹੀਨਿਆਂ ਬੱਧੀ ਅਠਾਹੁਕ ਇਸ ਲੜਕੀ ਦੀ ਸੇਵਾ ਕਰਦੇ ਰਹੇ। ਪਰ ਅਫਸੋਸ! ਉਹ ਵਿਚਾਰੀ ਜੀਊ ਨਾ ਸਕੀ। ਇਸ ਲੜਕੀ ਦੀ ਸੇਵਾ ਬਾਬਾ ਜੀ ਨੇ ਅਤੇ ਬਾਬਾ ਕਰਮ ਸਿੰਘ ਚੀਮਾਂ ਨੇ ਆਪਣੇ ਹਥੀਂ ਕੀਤੀ। ਇਸਦੀ ਸ਼ਲਾਘਾ ਆਪਦੇ ਸਾਥੀ ਅਜੇ ਤੱਕ ਕਰਦੇ ਹਨ।

ਇਹ ਕਹਿਣ ਦੀ ਲੋੜ ਹੀ ਕੀ ਹੈ ? ਕਿ ਜਿਹੜੀ ਸੇਵਾ ਬਾਬਾ ਜੀ ਆਪਣੇ ਜ਼ੁੰਮੇ ਲਿਆ ਕਰਦੇ ਸਨ, ਉਹ ਪੂਰੇ ਸ਼ੌਕ ਨਾਲ ਕੀਤਾ ਕਰਦੇ ਸਨ।

1934 ਵਿੱਚ ਬਾਬਾ ਜੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਐਕਟਿੰਗ ਪ੍ਰਧਾਨ ਚੁਣੇ ਗਏ। ਕਿਉਂਕਿ ਬਾਬਾ ਵਸਾਖਾ ਸਿੰਘ ਜੀ ਆਪਣੇ ਪਿੰਡ ਨਜ਼ਰਬੰਦ ਕਰ ਦਿੱਤੇ ਗਏ ਸਨ। ਇਸ ਹੈਸੀਅਤ ਵਿੱਚ ਬਾਬਾ ਜੀ ਨੇ ਕਲਕੱਤਾ ਤੇ ਟਾਟਾ ਨਗਰ ਦਾ ਦੌਰਾ ਕੀਤਾ ਅਤੇ ਕਮੇਟੀ ਵਾਸਤੇ ਚੰਦਾ ਜਮ੍ਹਾਂ ਕੀਤਾ।

ਇਸੇ ਸਾਲ ਵਿੱਚ ਹੀ ਆਪ ਕਿਰਤੀ ਅਖਬਾਰ ਦੇ ਮੈਨੇਜਰ ਬਣਾਏ ਗਏ। ਅਖਬਾਰਾਂ ਦੀ ਕਾਮਯਾਬੀ ਲਈ ਆਪ ਨੇ ਰਾਤ ਦਿਨ ਇੱਕ ਕਰਕੇ ਕੰਮ ਕੀਤਾ ਅਤੇ ਨਾਲ ਹੀ ਨਾਲ ਕਿਰਤੀ ਕਿਸਾਨ ਲਹਿਰ ਲਈ ਵੀ ਵਕਤ ਦਿੰਦੇ ਰਹੇ। 1935 ਦੇ ਵਿਚਾਲੇ ਕੁ ਆਪ ਨੂੰ 124 (ੳ) ਹੇਠ ਗ੍ਰਿਫਤਾਰ ਕਰ ਲਿਆ ਗਿਆ ਅਤੇ ਇੱਕ ਸਾਲ ਦੀ ਸਖਤ ਕੈਦ ਤੇ ਢਾਈ ਸੌ ਜ਼ੁਰਮਾਨਾ ਦੀ ਸਜ਼ਾ ਹੋਈ।

ਇੱਕ ਸਾਲ ਬਾਦ ਜਦ ਬਾਬਾ ਜੀ ਰਿਹਾ ਹੋਏ ਤਾਂ ਨਵੀਂ ਰਾਜ ਬਣਤਰ ਹੇਠਾਂ

ਚੋਣਾਂ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮਨਾਸਬ ਸਮਝਿਆ ਗਿਆ ਕਿ ਚੋਣਾਂ ਚੰਗੀ ਤਰ੍ਹਾਂ ਜਥੇਬੰਦ ਹੋ ਕੇ ਲੜੀਆਂ ਜਾਣ। ਇਸ ਲਈ ਸੋਸ਼ਲਿਸਟ ਉਮੀਦਵਾਰਾਂ ਨੂੰ ਸਫਲ ਬਨਾਉਣ ਲਈ ਦੇਸ਼ ਭਗਤ ਇਲੈਕਸ਼ਨ ਬੋਰਡ ਕਾਇਮ ਕੀਤਾ ਗਿਆ, ਜਿਸਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਜੀ ਚੁਣੇ ਗਏ। ਇਸ ਕੰਮ ਨੂੰ ਜ਼ੁੰਮੇ ਲੈਂਦੇ ਹੀ ਆਪ ਬਾਹਰ ਪਿੰਡਾਂ ਨੂੰ ਚਲੇ ਗਏ ਅਤੇ ਬਹੁਤ ਹੀ ਜਾਨ ਤੋੜਕੇ ਕੰਮ ਕੀਤਾ।

ਕਿਸਾਨ ਲਹਿਰ

ਚੋਣਾਂ ਸਮੇਂ ਬਾਬਾ ਜੀ ਨੂੰ ਪਿੰਡਾਂ ਵਿੱਚ ਘੁੰਮਣ ਤੋਂ ਤਜਰਬਾ ਹੋਇਆ ਤੇ ਪੇਂਡੂ ਕੌਮੀ ਪ੍ਰਚਾਰ ਲਈ ਤੁਲੇ ਮੱਛੀ ਹੋ ਰਹੇ ਹਨ! ਸੋ ਚੋਣਾਂ ਦਾ ਘਮਸਾਣ ਖਤਮ ਹੁੰਦਿਆਂ ਹੋਇਆਂ ਹੀ ਬਾਬਾ ਜੀ ਨੇ ਪਿੰਡਾਂ ਦਾ ਰਾਹ ਫੜ ਲਿਆ, ਤੇ ਪਿਛਲੇ ਇਕ ਸਾਲ ਤੋਂ ਤਾਂ ਬਾਬਾ ਜੀ ਨੇ ਆਪਣਾ ਸਾਰਾ ਵਕਤ ਪਿੰਡਾਂ ਵਿੱਚ ਕਿਸਾਨਾਂ ਵਿਚਾਲੇ ਕੰਮ ਕਰਨ ਲਈ ਸੌਂਪ ਛੱਡਿਆ ਸੀ ਅਤੇ ਆਪ ਨੇ ਆਪਣੇ ਨਾਲ ਕੰਮ ਕਰਨ ਵਾਲੇ ਅਜਿਹੇ ਅਨਥੱਕ ਅਤੇ ਬੇ-ਗਰਜ਼ ਵਰਕਰ ਪੈਦਾ ਕਰ ਲਏ ਸਨ, ਜੋ ਬਾਬਾ ਜੀ ਦੇ ਨਾਲ ਮਿਲਕੇ ਕੰਮ ਕਰਨਾ ਆਪਣੇ ਲਈ ਫਖਰ ਸਮਝਦੇ ਸਨ, ਬਾਬਾ ਜੀ ਨੂੰ ਸਹੀ ਰਸਤੇ ਤੇ ਚਲਦਿਆਂ ਦੇਖਕੇ, ਅਤੇ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਦੇ ਮੁਕਾਬਲੇ ਵਿੱਚ ਸੂਬਾ ਪੰਜਾਬ ਵਿੱਚ ਕਿਸਾਨ ਲਹਿਰ ਨੂੰ ਬੇ-ਜਥੇਬੰਦ ਦੇਖਦਿਆਂ ਹੋਇਆਂ ਪੰਜਾਬ ਵਿੱਚ ਕਿਸਾਨਾਂ ਦੀ ਇੱਕ ਲੱਖ ਦੀ ਭਰਤੀ ਲਈ ਮੁਹਿੰਮ ਜਾਰੀ ਕੀਤੀ ਗਈ। ਇਹ ਬਹੁਤ ਹੀ ਜ਼ਰੂਰੀ ਕੰਮ ਬਾਬਾ ਜੀ ਦੇ ਖਿਆਲਾਂ ਦੇ ਐਨ ਮੁਤਾਬਕ ਸੀ।

ਇਸ ਲਈ ਬਾਬਾ ਜੀ ਖੁਦ ਕਿਸਾਨਾਂ ਦੀ ਭਰਤੀ ਵੱਲ ਹੋ ਤੁਰੇ, ਅਤੇ ਸੈਂਕੜੇ ਕਿਸਾਨ ਤੇ ਸੋਸ਼ਲਿਸਟ ਵਰਕਰ ਆਪ ਦੀ ਅਗਵਾਈ ਵਿੱਚ ਪਿੰਡਾਂ ਵਿੱਚ ਨਿਕਲ ਗਏ। ਸਿੱਟਾ ਇਹ ਨਿਕਲਿਆ ਕਿ ਅੱਜ ਸੂਬਾ ਕਿਸਾਨ ਕਮੇਟੀ ਦੇ ਦਫਤਰ ਵਿੱਚ 75000 ਕਿਸਾਨ ਮੈਂਬਰਾਂ ਦੀ ਸ਼ਾਨਦਾਰ ਫੈਹਰਿਸਤ ਮੌਜੂਦ ਹੈ, ਅਤੇ ਹੋ ਸਕਦਾ ਹੈ ਕਿ ਇਹ ਜਥੇਬੰਦੀ ਥੋੜੇ ਹੀ ਚਿਰ ਵਿੱਚ ਇੱਕ ਜ਼ਬਰਦਸਤ ਜਥੇਬੰਦੀ ਬਣ ਜਾਇਗੀ। ਬਸ਼ਰਤੇ ਕਿ ਇਹਨੂੰ ਸਹੀ ਅਗਵਾਈ ਮਿਲਦੀ ਰਹੀ।

ਕਾਸ਼! ਕਿ ਬਾਬਾ ਜੀ ਆਪਣੇ ਹੱਥੀਂ ਲਾਏ ਹੋਏ ਇਸ ਬੂਟੇ ਨੂੰ ਫੁਲਦਾ

ਫਲਦਾ ਦੇਖਦੇ, ਜਿਸ ਜਥੇਬੰਦੀ ਦੀ ਉਹਨਾਂ ਨੇ ਪ੍ਰਧਾਨ ਦੀ ਹੈਸੀਯਤ ਵਿੱਚ ਆਪਣਾ ਖ਼ੂਨ ਤੇ ਪਸੀਨਾਂ ਰੋਹੜਕੇ ਖਿਦਮਤ ਕੀਤੀ ਸੀ।

ਆਖਰੀ ਮੋਰਚਾ

ਕੁਝ ਮਹੀਨੇ ਹੋਏ ਕਿ ਨੀਲੀਬਾਰ ਵਿੱਚ 50,000 ਮੁਜ਼ਾਰਿਆਂ ਨੇ ਜ਼ਿਮੀਂਦਾਰਾਂ ਦੇ ਜ਼ੁਲਮੋ ਸਿਤਮ ਵਿਰੁੱਧ ਹੜਤਾਲ ਕੀਤੀ ਸੀ। ਬਾਬਾ ਜੀ ਆਪਣੇ ਸਾਥੀਆਂ ਸਣੇ ਉਹਨਾਂ ਦੀ ਇਮਦਾਦ ਵਾਸਤੇ ਪੁੱਜੇ, ਅਤੇ ਉਹਨਾਂ ਨੂੰ ਪੂਰੀ ਕਾਮਯਾਬੀ ਹੋਈ।

ਇਸ ਵਾਰੀ ਫਿਰ ਬਾਬਾ ਜੀ ਨੂੰ ਸੁਨੇਹਾ ਮਿਲਿਆ ਕਿ ਨੀਲੀਬਾਰ ਦੇ ਮੁਜ਼ਾਰਿਆਂ ਨੂੰ ਕੁਝ ਸ਼ਕਾਇਤਾਂ ਸਨ, ਅਤੇ ਉਹ ਉਹਨਾਂਦੀ ਇਮਦਾਦ ਚਾਹੁੰਦੇ ਸਨ, ਬਾਬਾ ਜੀ ਫੌਰਨ ਤੁਰ ਪਏ ਓਥੇ ਵੇਖ ਭਾਲ ਕਰਕੇ, ਕੰਮ ਨੂੰ ਆਪਣੇ ਸਾਥੀਆਂ ਦੇ ਸਪੁਰਦ ਕੀਤਾ, ਅਤੇ ਕੋਮੀਲਾ (ਬੰਗਾਲ) ਵਿੱਚ ਹੋਣ ਵਾਲੀ ਆਲ ਇੰਡੀਆ ਕਿਸਾਨ ਕਾਨਫਰੰਸ ਵਿੱਚ ਸ਼ਾਮਲ ਹੋਣ ਦੇ ਖਿਆਲ ਨਾਲ ਲਾਰੀ ਵਿੱਚ ਸਵਾਰ ਹੋ ਕੇ 6 ਮਈ 1938 ਲਾਹੌਰ ਵੱਲ ਆ ਰਹੇ ਸਨ, ਕਿ ਰਸਤੇ ਵਿੱਚ ਲਾਰੀਆਂ ਦੀ ਟੱਕਰ ਹੋ ਗਈ, ਬਾਬਾ ਜੀ ਫਰੰਟ ਸੀਟ ਤੇ ਬੈਠੇ ਹੋਏ ਸਨ। ਆਪ ਨੂੰ ਸਖਤ ਚੋਟਾਂ ਆਈਆਂ, ਖੱਬੀ ਤਰਫੋਂ ਚਾਰ ਪਸਲੀਆਂ ਟੁੱਟ ਗਈਆਂ, ਖੱਬੀ ਬਾਂਹ ਚੂਰ-ਚੂਰ ਹੋ ਗਈ ਅਤੇ ਮੱਥੇ ਤੇ ਅਜਿਹੀ ਸਖਤ ਸੱਟ ਆਈ, ਕਿ ਇੱਕ ਹੱਡੀ ਕੱਢ ਦੇਣੀ ਪਈ ਅਤੇ ਕਈ ਛੋਟੇ ਜ਼ਖਮ ਤਾਂ ਅਣਗਿਣਤ ਹੀ ਸਨ।

ਐਨੇ ਘਾਇਲ ਹੋਣ ਦੇ ਬਾਵਜੂਦ ਵੀ ਬਾਬਾ ਜੀ ਨੇ ਆਖਰੀ ਦਮ ਤੱਕ ਹੋਸ਼ ਹਵਾਸ ਕਾਇਮ ਰੱਖੇ, ਹਾਸੇ ਤੇ ਹੌਂਸਲੇ ਨਾਲ ਗੱਲਾਂ ਕਰਦੇ ਰਹੇ, ਲੋਕ ਇਹਨਾਂ ਨੂੰ ਧੀਰਜ ਦੇਣ ਜਾਂਦੇ ਸਨ, ਪਰ ਖੁਦ ਧੀਰਜ ਲੈ ਕੇ ਆਉਂਦੇ ਸਨ, ਡਾਕਟਰ ਹੈਰਾਨ ਸਨ ਕਿ ਬਾਬਾ ਜੀ ਕਿਹੜੇ ਲੋਹੇ ਦੇ ਬਣੇ ਹੋਏ ਹਨ। ਇੱਕ ਪਸਲੀ ਰਾਹੀਂ ਦਿਲ ਜ਼ਖਮੀ, ਸਿਰ ਪਾਟਾ ਹੋਇਆ, ਫਿਰ ਉਹ ਕਿਹੜੀ ਤਾਕਤ ਸੀ ਜਿਹੜੀ ਉਹਨਾਂ ਨੂੰ ਸਹਾਰਾ ਦੇ ਰਹੀ ਸੀ। ਉਹ ਆਖਰੀ ਦਮ ਤੱਕ ਕਿਸਾਨ ਲਹਿਰ ਬਾਬਤ, ਖਾਸ ਕਰਕੇ ਕਲਸੀਆਂ ਰਿਆਸਤ ਦੇ ਕਿਸਾਨਾਂ ਬਾਰੇ ਪੁੱਛਦੇ ਪੁਛਾਂਦੇ ਰਹੇ, ਜਿੱਥੇ ਕੁਝ ਦਿਨ ਪਹਿਲਾਂ ਜਾ ਕੇ ਆਪ ਨੇ ਕਿਸਾਨਾਂ ਦੀ ਸਿਵਲ ਨਾ ਫੁਰਮਾਨੀ ਦੀ

ਲਹਿਰ ਦੀ ਅਗਵਾਈ ਕੀਤੀ ਸੀ।

ਆਖਿਰ ਕਮਜ਼ੋਰੀ ਨੇ ਜ਼ੋਰ ਆ ਪਾਇਆ ਅਤੇ ਆਪ 9 ਮਈ 1938 ਦੀ ਸਵੇਰ ਨੂੰ ਇਸ ਜਹਾਨ ਤੋਂ ਕੂਚ ਕਰ ਗਏ।

ਆਹ! ਜ਼ਾਲਮ ਮੌਤ ਤੂੰ ਬਾਬਾ ਜਵਾਲਾ ਸਿੰਘ ਜੀ ਨੂੰ ਸਾਡੇ ਵਿਚਾਲਿਓਂ ਉਸ ਵੇਲੇ ਲੈ ਗਈ, ਜਦ ਮੁਲਕ ਨੂੰ ਬਾਬਾ ਜੀ ਵਰਗੇ ਨਿਡਰ ਆਗੂ ਦੀ ਲੋੜ ਸੀ। ਐ ਕਿਸਾਨ! ਬਾਬਾ ਜਵਾਲਾ ਸਿੰਘ ਵਰਗਾ ਤਿਆਗੀ, ਲੀਡਰ ਬਣਨ ਦੀ ਖਾਹਸ਼ ਤੋਂ ਉੱਚਾ, 24 ਘੰਟੇ ਖੂਨ ਪਸੀਨਾ ਇੱਕ ਕਰਨ ਵਾਲਾ ਅਤੇ ਸਿਰਫ ਇੱਕ ਸਾਫਾ ਮੋਢੇ ਤੇ ਰੱਖਕੇ ਜੋਗੀਆਂ ਵਾਂਗੂ ਪਿੰਡ-ਪਿੰਡ ਫਿਰਕੇ ਤੈਨੂੰ ਜਗਾਉਣ ਵਾਲਾ ਬੇ-ਗਰਜ਼ ਵਰਕਰ ਤੈਨੂੰ ਕਦ ਮਿਲੇਗਾ? ਸਵਾਏ ਬਾਬਾ ਜਵਾਲਾ ਸਿੰਘ ਜੀ ਦੇ ਕੌਣ ਜਾਣਦਾ ਸੀ, ਕਿ ਗਰੀਬ ਪੇਂਡੂਆਂ ਨੂੰ ਕਿਹੜੀਆਂ-ਕਿਹੜੀਆਂ ਮੁਸੀਬਤਾਂ ਦਾ ਮੁਕਾਬਲਾ ਹੈ। ਕਾਸ਼! ਕਿ ਕੋਈ ਬਜ਼ੁਰਗ ਬਾਬਾ ਜਵਾਲਾ ਸਿੰਘ ਜੀ ਵਰਗੇ ਵਲਵਲੇ ਅਤੇ ਜਜ਼ਬੇ ਆਪਣੇ ਖੁੱਲੇ ਸੀਨੇ ਵਿੱਚ ਲੈ ਕੇ ਪੰਜਾਬ ਦੇ ਕਿਸਾਨਾਂ ਦਾ ਹੱਥ ਫੜੇ ਅਤੇ ਇਹਨਾਂ ਮਜ਼ਲੂਮਾਂ ਦੀ ਅਗਵਾਈ ਕਰੇ।

ਸਭਾ ਤੇ ਖੱਸਲਤਾਂ

ਬਾਬਾ ਜੀ ਇੱਕ ਮਜ਼ਬੂਤ ਕਿਸਾਨੀ ਜਿਸਮ ਰੱਖਦੇ ਸਨ, ਜਿਹੜਾ ਬੜਾ ਕਮਾਇਆ ਹੋਇਆ ਅਤੇ ਗੈਰ ਮਾਮੂਲੀ ਤਾਕਤ ਰੱਖਦਾ ਸੀ। ਆਪਦਾ ਰੰਗ ਸਾਂਓਲਾ ਚਿਹਰਾ ਤੇ ਮੱਥਾ ਖੁਲਾ ਅਤੇ ਦੰਦ ਚਿੱਟੇ ਤੇ ਮਜ਼ਬੂਤ ਸਨ। 72 ਸਾਲ ਦੀ ਉਮਰ ਵਿੱਚ ਵੀ ਅਜਿਹੇ ਸਖਤ ਜਾਨ ਤੇ ਹਠੀਲੇ ਸਨ, ਕਿ ਆਪਦੇ ਨਾਲ ਪਰੇਮ ਕਰਨ ਵਾਲੇ ਨੌਜਵਾਨ ਆਪ ਦੀ ਤਾਕਤ ਤੇ ਦ੍ਰਿੜਤਾ ਅੱਗੇ ਸਿਰ ਨਵਾਇਆ ਕਰਦੇ ਸਨ। ਚਿਹਰਾ ਹਮੇਸ਼ਾ ਹੰਸੂ ਹੰਸੂ ਕਰਦਾ ਸੀ। ਫਿਕਰ ਤੇ ਗਮ ਕਦੇ ਲਾਗੇ ਫਟਕੇ ਵੀ ਨਹੀਂ ਸਨ, ਬੇ ਉਮੀਦੀ ਬਾਬਾ ਜੀ ਤੋਂ ਕੋਹਾਂ ਦੂਰ ਭੱਜਦੀ ਸੀ। ਇਸ ਬੁੱਢੀ ਉਮਰ ਵਿੱਚ ਵੀ ਬਾਬਾ ਜੀ ਥਕੇਵੇਂ ਤੋਂ ਨਾਵਾਕਿਫ਼ ਸਨ, ਹੌਂਸਲੇ ਦੀ ਪਕਿਆਈ ਹਮੇਸ਼ਾਂ ਆਪਦੇ ਸੀਨੇ ਵਿੱਚ ਰਹਿੰਦੀ ਸੀ।

ਕੰਮ ਕਰਨ ਦਾ ਐਨਾ ਸ਼ੌਕ ਸੀ, ਕਿ ਜਦ ਕਦੀਂ ਕਿਸੇ ਮੋਰਚੇ ਦੀ ਗੱਲ

ਛਿੜਦੀ ਤਾਂ ਬਾਬਾ ਜੀ ਆਮ ਤੌਰ ਤੇ ਸੀਨੇ ਤੇ ਹੱਥ ਮਾਰ ਕੇ ਕਹਿੰਦੇ 'ਮੈਂ ਹਾਜ਼ਰ ਹਾਂ, ਮੈਂ ਜਾਵਾਂਗਾ, ਦਸੋ ਮੇਰੇ ਨਾਲ ਕੌਣ ਤਿਆਰ ਹੈ ?" ਮੁਸ਼ਕਿਲਾਂ ਵਿਰੁੱਧ ਜੰਗ ਕਰਨਾ ਹੀ ਓਹਨਾਂ ਵਾਸਤੇ ਜ਼ਿੰਦਗੀ ਸੀ। ਉਹ ਸਖ਼ਤ ਤੋਂ ਸਖ਼ਤ ਕੰਮ ਨੂੰ ਵੀ ਅਸਾਨ ਸਮਝਿਆ ਕਰਦੇ ਸਨ। ਔਕੜਾਂ ਦੀਆਂ ਘਟਾਂ ਸਿਰਾਂ 'ਤੇ ਛਾਈਆਂ ਵੇਖਕੇ ਵੀ ਆਪ ਸਬਰ ਤੇ ਦ੍ਰਿੜ੍ਹਤਾ ਨੂੰ ਹੱਥੋਂ ਨਹੀਂ ਛੱਡਦੇ ਸਨ। ਮੁਸੀਬਤਾਂ ਦਾ ਮੁਕਾਬਲਾ ਕਰਨਾ ਹੀ ਆਪ ਦਾ ਨਿੱਤ ਦਿਹਾੜੀ ਦਾ ਕੰਮ ਸੀ। ਅਮਰੀਕਾ ਵਿਚ ਆਪ ਨੇ ਸਾਲਾਂ ਬੱਧੀ ਅਮੀਰੀ ਜ਼ਿੰਦਗੀ ਬਤੀਤ ਕੀਤੀ ਸੀ, ਤੇ ਲੱਖਾਂ ਰੁਪਏ ਕੌਮ ਤੋਂ ਕੁਰਬਾਨ ਕੀਤੇ ਸਨ। 18 ਸਾਲ ਤਕ ਕੈਦ ਤੇ ਬੰਦੀ ਦੀਆਂ ਮੁਸੀਬਤਾਂ ਝੱਲੀਆਂ, ਰਿਹਾਈ ਮਗਰੋਂ ਮੁਲਕੀ ਸੇਵਾ ਵਿਚ ਚੱਕਰਵਰਤੀ ਰਹੇ। ਬਾਬਾ ਜੀ ਨੂੰ ਜੇ ਕਦੀ ਤੰਗੀ ਆਈ ਵੀ ਤਾਂ ਆਪ ਨੇ ਆਪਣੀ ਜ਼ਬਾਨੋਂ ਕਦੇ ਗਿਲਾ ਨਹੀਂ ਕੀਤਾ ਤੇ ਨਾ ਹੀ ਕਦੇ ਆਪਣੀ ਲਾਸਾਨੀ ਕੁਰਬਾਨੀ ਦਾ ਕਿਸੇ ਅੱਗੇ ਭੋਗ ਪਾਇਆ। ਜੇ ਆਪਦਾ ਕੋਈ ਸ਼ਰਧਾਲੂ ਆਪਣੀ ਕੁਰਬਾਨੀ ਤੇ ਬਹਾਦਰੀ ਦਾ ਜ਼ਿਕਰ ਕਰਦਾ, ਤਾਂ ਆਪ ਹੱਸ ਕੇ ਕਹਿ ਦਿੰਦੇ, "ਅਸਾਂ ਤਾਂ ਆਪਣਾ ਫਰਜ਼ ਅਦਾ ਕੀਤਾ ਹੈ, ਕਿਸੇ ਤੇ ਕੋਈ ਐਹਸਾਨ ਨਹੀਂ ਕੀਤਾ ਹੈ" ਗੱਲ ਕੀ ਬਾਬਾ ਜੀ ਕੁਰਬਾਨੀ ਮੂਰਤੀ ਅਤੇ ਦਿਓਤਾ ਸਰੂਪ ਬਜ਼ੁਰਗ ਸਨ, ਜਿਨ੍ਹਾਂ ਨੂੰ ਵੇਖਕੇ ਪੁਰਾਣੇ ਰਿਸ਼ੀਆਂ ਦੀ ਯਾਦ ਤਾਜ਼ੀ ਹੋ ਜਾਂਦੀ ਹੈ, ਆਪਣੀ ਨੇਕ ਚਲਣੀ, ਸਾਦਗੀ ਅਤੇ ਬਰਮਚਾਰੀਆਂ ਦੀ ਵਜਾਹ ਨਾਲ ਬੁਢੇਪੇ ਵਿਚ ਵੀ ਨੌਜਵਾਨ ਸਨ।

ਇਕ ਬੰਨੇ ਤਾਂ ਬਾਬਾ ਜੀ ਅਜਿਹੇ ਬਹਾਦਰ ਸਨ ਕਿ ਹਰ ਮੁਸੀਬਤ ਸਮੇਂ ਖਿੜੇ ਮੱਥੇ ਰਹਿੰਦੇ ਸਨ, ਦੂਜੇ ਬੰਨੇ ਆਪਦਾ ਦਿਲ ਐਨਾ ਨਰਮ ਸੀ ਕਿ ਕਈ ਵਾਰੀ ਗੱਲਾਂ-ਗੱਲਾਂ ਵਿਚ ਹੀ ਅੱਖਾਂ ਵਿਚ ਅੱਥਰੂ ਆ ਜਾਇਆ ਕਰਦੇ ਸਨ, ਲਿਖਾਰੀ (ਮੈਨੂੰ) ਨੂੰ ਬਾਬਾ ਜੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਇਸ ਸਮੇਂ ਵਿਚ ਇਕ ਦੋ ਗੱਲਾਂ ਅਜਿਹੀਆਂ ਵੇਖਣ ਵਿਚ ਆਈਆਂ ਹਨ ਜੋ ਦੱਸਣਯੋਗ ਹਨ।

ਲਾਹੌਰ ਦੀ ਗੱਲ ਹੈ, ਜ਼ਿਲ੍ਹਾ ਕਚਹਿਰੀ ਦੇ ਬਾਗ ਵਿਚ ਰਾਜਸੀ ਵਰਕਰ ਕਾਫੀ ਗਿਣਤੀ ਵਿਚ ਜੁੜੇ ਹੋਏ ਸਨ। ਮੌਕਾ ਓਹਨਾਂ ਸਾਰਿਆਂ ਸਾਥੀਆਂ ਦਾ ਧੰਨਵਾਦ ਕਰਨ ਦਾ ਸੀ। ਜਿਨ੍ਹਾਂ ਦੀ ਕੋਸ਼ਿਸ਼ਾਂ ਨਾਲ ਸਾਥੀ ਤੇਜਾ ਸਿੰਘ 'ਸੁਤੰਤਰ' ਬਿਨਾਂ ਮੁਕਾਬਲਾ ਪੰਜਾਬ ਅਸੈਂਬਲੀ ਦੇ ਪ੍ਰਤੀਨਿਧ ਚੁਣੇ ਗਏ ਸਨ। ਬਾਬਾ ਜਵਾਲਾ ਸਿੰਘ

ਜੀ ਨੇ ਭੀ ਹੋਰਨਾਂ ਸਾਥੀਆਂ ਦੇ ਨਾਲ ਰਾਤ-ਦਿਨ ਇਕ ਕੀਤਾ ਸੀ ਤੇ ਅੱਜ ਸਾਰਿਆਂ ਦਾ ਧੰਨਵਾਦ ਕਰਨ ਦਾ ਮੌਕਾ ਸੀ। ਪਹਿਲਾਂ ਬਾਬਾ ਸੋਹਣ ਸਿੰਘ ਜੀ ਨੇ ਕੁਛ ਯੋਗ ਸ਼ਬਦਾਂ ਵਿਚ ਸਾਰਿਆਂ ਦਾ ਧੰਨਵਾਦ ਕੀਤਾ। ਹੁਣ ਜਵਾਲਾ ਸਿੰਘ ਜੀ ਖੜ੍ਹੇ ਹੋਏ ਤੇ ਇਉਂ ਬੋਲੇ, "ਸਾਥੀਓ, ਜਿਹੜਾ ਕੰਮ ਅੱਜ ਤੁਸਾਂ ਸਾਥੀ ਤੇਜਾ ਸਿੰਘ ਸੁਤੰਤਰ ਨੂੰ ਰਲ ਮਿਲਕੇ ਬਿਨਾਂ ਮੁਕਾਬਲਾ ਕਾਮਯਾਬ ਕਰਨ ਦਾ ਕੀਤਾ ਹੈ, ਉਹ ਸਾਨੂੰ ਹਮੇਸ਼ਾਂ ਯਾਦ ਰਹੇਗਾ। ਉਹਦੇ ਮੁਕਾਬਲੇ ਵਿਚੋਂ ਹਟ ਜਾਣ ਵਾਲੇ ਉਮੀਦਵਾਰਾਂ ਨੇ ਦੇਸ਼ ਅਤੇ ਸਾਡੇ ਉਪਰ ਅਜਿਹਾ ਅਹਿਸਾਨ ਕੀਤਾ ਹੈ, ਜਿਹਨੂੰ ਅਸੀਂ ਭੁਲਾ ਨਹੀਂ ਸਕਦੇ। ਮੇਰੇ ਦੋਸਤੋ! ਤੁਸੀਂ ਜਾਣਦੇ ਹੋ ਕਿ ਅਸੀਂ ਗੁਲਾਮ ਅਤੇ ਬੇਵੱਸ ਹਾਂ। ਸਾਡੇ ਸਾਥੀ ਬਗੈਰ ਮੁਕੱਦਮਾ ਚਲਾਏ ਕੈਦ ਕਰ ਲਏ ਜਾਂਦੇ ਹਨ, ਤੁਸਾਂ ਅੱਜ ਇਕ ਸ਼ਾਹੀ ਕੈਦੀ ਦੀ ਰਿਹਾਈ ਮੁਮਕਿਨ ਬਣਾ ਦਿੱਤੀ ਹੈ ਅਤੇ ਮੇਰੇ ਗੁਲਾਮ ਮੁਲਕ ਉੱਤੇ ਇਕ ਬਹੁਤ ਵੱਡਾ ਉਪਕਾਰ ਕੀਤਾ ਹੈ, ਜਿਸਦਾ ਬਦਲਾ ਅਸੀਂ ਕਦੇ ਨਹੀਂ ਦੇ ਸਕਦੇ, ਗੁਲਾਮ ਕਿਸੇ ਨੂੰ ਕੀ ਦੇ ਸਕਦਾ ਹੈ? ਕਾਸ਼! ਕਿ ਅਸੀਂ....." ਬਾਬਾ ਜੀ ਦਾ ਗਲਾ ਰੁਕ ਗਿਆ ਬਥੇਰੀ ਕੋਸ਼ਿਸ਼ ਕੀਤੀ ਕਿ ਕੋਈ ਹੋਰ ਸ਼ਬਦ ਨਿਕਲੇ ਪਰ ਬਾਬਾ ਜੀ ਵੈਰਾਗ ਵਿੱਚ ਚਲੇ ਗਏ, ਜ਼ਜ਼ਬਾਤ, ਸੋਚ ਅਤੇ ਦੇਸ਼ ਭਗਤਾਂ ਦੇ ਵਲਵਲਿਆਂ ਦਾ ਤੂਫਾਨ ਇੱਕ ਦਮ ਚੜ੍ਹ ਆਇਆ ਜਿਸ ਕਰਕੇ ਬਾਬਾ ਜੀ ਦੇ ਵਿਸ਼ਾਲ ਹਿਰਦੇ ਦੀ ਹਾਲਤ ਦੀ ਜ਼ਬਾਨ ਵਰਨੱਨ ਕਰਨ ਤੋਂ ਰੈਹ ਗਈ, ਅੱਖਾਂ ਤੋਂ ਹੰਝੂਆਂ ਦੀ ਧਾਰ ਵੈਹ ਨਿਕਲੀ। ਸਰੋਤਿਆਂ ਦੇ ਦਿਲ ਭਰ ਆਏ ਅਤੇ ਜੋ ਕੁਝ ਬਾਬੇ ਜੀ ਦੇ ਦਿਲ ਵਿੱਚ ਸੀ ਉਹ ਸਾਰਿਆਂ ਨੇ ਅੱਛੀ ਤਰ੍ਹਾਂ ਅਨੁਭਵ ਕਰ ਲਿਆ।

ਇੱਕ ਦੂਸਰੇ ਮੌਕਿਆਂ ਤੇ ਬਾਬਾ ਜੀ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਦੇ ਦਫਤਰ ਅੰਮ੍ਰਿਤਸਰ ਵਿੱਚ ਬੈਠੇ ਸਨ। ਸਿਆਲ ਦੇ ਦਿਨ ਸਨ ਬਾਬਾ ਜੀ ਧੁੱਪ ਸੇਕਦੇ ਸਨ, ਮੈਂ ਉਹਨਾਂ ਲਾਗੇ ਬੈਠਾ ਕੁਝ ਕੰਮ ਕਰ ਰਿਹਾ ਸਾਂ, ਕਿ ਏਨੇ ਵਿੱਚ ਇੱਕ ਆਦਮੀ ਜਿਹੜਾ ਬਾਬਾ ਜੀ ਦਾ ਵਾਕਿਫ ਮਾਲੂਮ ਹੁੰਦਾ ਸੀ ਮਕਾਨ ਤੇ ਚੜ੍ਹ ਆਇਆ ਤੇ ਫਤਿਹ ਬੁਲਾਕੇ ਬੋਲਿਆ।

"ਬਾਬਾ ਜੀ! ਜਦ ਅਸੀਂ ਫਲਾਣੇ ਥਾਂ (ਇਸ਼ਾਰਾ ਜੇਲ੍ਹ ਤੋਂ ਸੀ) ਦੋਵੇਂ ਅਕੱਠੇ ਸਾਂ ਤਾਂ ਤੁਸਾਂ ਮੇਰਾ ਕੋਟ ਕਿਸੇ ਦੂਜੇ ਆਦਮੀ ਨੂੰ ਦੁਵਾਇਆ ਸੀ, ਅਤੇ ਵਾਪਸ

ਦੁਵਾਉਣ ਦੀ ਜ਼ੁੰਮੇਵਾਰੀ ਵੀ ਲਈ ਸੀ, ਪਰ ਉਹ ਕੋਟ ਮੈਨੂੰ ਅਜੇ ਤੱਕ ਨਹੀਂ ਮਿਲਿਆ, ਕਿ ਮੈਂ ਆਸ ਰੱਖਾਂ......।

ਬਾਬਾ ਜੀ ਵਿੱਚੋਂ ਹੀ ਬੋਲ ਉਠੇ, "ਠੀਕ ਹੈ ਮੈਂ ਕੋਟ, ਦੁਆਇਆ ਸੀ ਅਤੇ ਵਾਪਸ ਦੁਵਾਉਣ ਦੀ ਜ਼ੁੰਮੇਵਾਰੀ ਵੀ ਲਈ ਸੀ। ਤੁਹਾਡਾ ਹੱਕ ਹੈ ਕਿ ਤੁਸੀਂ ਕੋਟ ਮੈਥੋਂ ਮੰਗੋ, ਐਹ ਮੇਰਾ ਕੋਟ ਤੁਸੀਂ ਲੈ ਜਾਓ, ਕਿਉਂਕਿ ਜਿਹਨੂੰ ਤੁਹਾਡਾ ਕੋਟ ਦੁਆਇਆ ਸੀ ਓਹ ਦੇਸ਼ ਭਗਤ ਤਾਂ....." ਇਸ ਤੋਂ ਅੱਗੇ ਬਾਬਾ ਜੀ ਕੁਝ ਨਾ ਕਹਿ ਸਕੇ, ਆਵਾਜ਼ ਰੁਕ ਗਈ, ਅੱਖਾਂ ਕਿਸੇ ਦੀ ਮੁਸੀਬਤ ਦੀ ਕਹਾਣੀ ਦਸ ਰਹੀਆਂ ਸਨ। ਟਕ ਟਕ ਅਥਰੂ ਵਗ ਤੁਰੇ। ਉਹ ਆਉਣ ਵਾਲਾ ਆਦਮੀ ਜਿਹੜਾ ਸਭ ਕੁਝ ਚੁੱਪ ਕਰਕੇ ਦੇਖ ਰਿਹਾ ਸੀ, ਬਾਬਾ ਜੀ ਦੀ ਹਾਲਤ ਦੇਖਕੇ ਕੁਝ ਕਹੇ ਬਗੈਰ ਨਿਮਸ਼ਕਾਰ ਕਰਕੇ ਥੱਲੇ ਉਤਰ ਗਿਆ। ਬਾਬਾ ਜੀ ਨੇ ਆਪਣੇ ਆਪ ਨੂੰ ਸੰਭਾਲਿਆ, ਅੱਖਾਂ ਪੂੰਜੀਆਂ ਤੇ ਕਿਹਾ ਕਿ "ਸਾਡੇ ਦੇਸ਼ ਭਗਤਾਂ ਨੂੰ ਕਿਹੜੀਆਂ-ਕਿਹੜੀਆਂ ਹਾਲਤਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ।"

ਮੇਰੇ ਤੇ ਬੜਾ ਅਸਰ ਹੋਇਆ ਤੇ ਬਾਬਾ ਜੀ ਵੱਲੋਂ ਮੇਰੀ ਸ਼ਰਧਾ ਨਾਲ ਮੇਰਾ ਦਿਲ ਭਰ ਗਿਆ। ਜਦ ਬਾਬਾ ਜੀ ਨੇ ਆਪਣੇ ਜਜ਼ਬਾਤ ਤੇ ਕਾਬੂ ਪਾ ਲਿਆ, ਮੈਨੂੰ ਕੋਟ ਦੀ ਕਹਾਣੀ ਦੱਸੀ।

ਮੈਂ ਹੈਰਾਨ ਸਾਂ, ਕਿ ਅਜਿਹੇ ਮਜ਼ਬੂਤ ਦਿਲ ਇਨਸਾਨ ਜਿਹੜੇ ਮੁਸੀਬਤਾਂ ਦੇ ਹੜ੍ਹਾਂ ਅੱਗੇ ਸਾਲਾਂ ਬੱਧੀ ਡਟੇ ਰਹੇ, ਐਨੇ ਨਰਮ ਵੀ ਹੋ ਸਕਦੇ ਹਨ ਕਿ ਜਦ ਮੁਲਕ ਦੀ ਗੁਲਾਮੀ ਤੇ ਬੇਬਸੀ ਯਾਦ ਆਈ ਤਾਂ ਦਿਲ ਦਾ ਦਰਦ ਅੱਖਾਂ ਥਾਣੀ ਵਹਿ ਤੁਰਿਆ। ਇਸ ਰਾਜ ਰਿਸ਼ੀ ਬਜ਼ੁਰਗ ਦੀ ਭੋਲੀ-ਭਾਲੀ ਤਸਵੀਰ ਜਿਨ੍ਹਾਂ ਅੱਖਾਂ ਦੇ ਸਾਹਮਣੇ ਰਹੇਗੀ, ਉਹ ਹਮੇਸ਼ਾ ਮੁਲਕ ਦੀ ਹਾਲਤ ਉੱਤੇ ਅੱਥਰੂ ਡੋਲਣਗੇ ਅਤੇ ਗੁਲਾਮੀ ਤੋਂ ਮੁਕਤੀ ਹਾਸਲ ਕਰਨ ਲਈ ਕਿਸੇ ਵੀ ਕੁਰਬਾਨੀ ਤੋਂ ਜੀ ਨਹੀਂ ਚੁਰਾਉਣਗੇ।

-ਬੱਸ!

(ਨੋਟ: ਦੇਸ਼ ਭਗਤ ਯਾਦਗਾਰ ਕਮੇਟੀ ਸ. ਚੇਤਨ ਸਿੰਘ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਦੀ ਬੇਹੱਦ ਧੰਨਵਾਦੀ ਹੈ ਜਿਨ੍ਹਾਂ ਨੇ ਇਹ ਦੁਰਲੱਭ ਪੁਸਤਕ ਦੇਸ਼ ਭਗਤ ਯਾਦਗਾਰ ਲਾਇਬਰੇਰੀ ਵਾਸਤੇ ਸਨੇਹ ਹਿੱਤ ਦਿੱਤੀ।)

ਲੇਖਕ ਬਾਰੇ

ਡਾ. ਭਾਗ ਸਿੰਘ (1898-1966)

ਡਾ. ਭਾਗ ਸਿੰਘ ਦਾ ਜਨਮ ਮਾਂਡਲੇ (ਬਰਮਾ ਵਿਚ) ਸੰਨ 1898 'ਚ ਹੋਇਆ। ਆਪ ਦੇ ਪਿਤਾ ਜੀ ਫੌਜ ਵਿਚ ਸਨ। ਐਫ. ਏ. ਕਰਕੇ ਅਗਲੀ ਪੜ੍ਹਾਈ ਲਈ ਲਾਹੌਰ ਗਏ। 1926 ਵਿਚ 'ਦੇਸ਼ ਸੇਵਕ' ਜਲੰਧਰ ਦੇ ਅਡੀਟਰ ਬਣੇ। 1931 ਵਿਚ ਆਪ ਨੇ ਕੈਲੇਫੋਰਨੀਆ (ਅਮਰੀਕਾ) ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ ਅਤੇ ਗ਼ਦਰ ਪਾਰਟੀ ਦੇ ਸੰਪਰਕ ਵਿਚ ਆ ਕੇ 'ਗ਼ਦਰ' ਅਖ਼ਬਾਰ ਦੇ ਐਡੀਟਰ ਲੱਗ ਗਏ। 1934 ਵਿਚ ਗ਼ਦਰ ਪਾਰਟੀ ਨੇ ਆਪ ਨੂੰ ਹਿੰਦੁਸਤਾਨ ਘੱਲ ਦਿੱਤਾ। ਕਲਕੱਤੇ ਪੁੱਜਦਿਆਂ ਆਪ ਨੂੰ ਗ੍ਰਿਫਤਾਰ ਕਰਕੇ ਲਾਹੌਰ ਸ਼ਾਹੀ ਕਿਲ੍ਹੇ ਵਿਚ ਬੰਦ ਕਰਕੇ ਤਸੀਹੇ ਦਿੱਤੇ ਗਏ। ਪਿੱਛੋਂ ਇਕ ਸਾਲ ਲਈ ਉਨ੍ਹਾਂ ਦੇ ਪਿੰਡ ਮਖ਼ਸੂਮਪੁਰ ਜੂਹਬੰਦ ਕਰ ਦਿੱਤਾ। 1936 ਤੋਂ 'ਕਿਰਤੀ ਲਹਿਰ' ਦੀ ਐਡੀਟਰੀ ਕਰਦੇ ਰਹੇ। 1940 ਵਿਚ ਮੁੜ ਗ੍ਰਿਫਤਾਰ ਕੀਤੇ ਗਏ। ਦਿਓਲੀ, ਗੁਜਰਾਤ ਦੀਆਂ ਜੇਲ੍ਹਾਂ ਵਿਚ ਛੇ ਮਹੀਨੇ ਕੈਦ ਰਹੇ। ਲਾਹੌਰ ਤੋਂ ਨਿਕਲਣ ਵਾਲੇ 'ਜੰਗੇ-ਆਜ਼ਾਦੀ' ਅਖ਼ਬਾਰ ਦੇ ਐਡੀਟਰ ਵੀ ਰਹੇ। 1952 ਵਿਚ ਉਹ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਅਸੰਬਲੀ 'ਚ ਕਮਿਊਨਿਸਟ ਗਰੁੱਪ ਦੇ ਆਗੂ ਬਣੇ। ਆਖ਼ਰੀ ਸਾਹਾਂ ਤੱਕ ਕਿਸਾਨ ਸਭਾ ਦੇ ਆਗੂ ਰਹੇ।